ISSN 0972-2335

# ਅੰਮ੍ਰਿਤ ਕੀਰਤਨ

ਨਵੰਬਰ 2016




ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-
Posting Date 01 November 2016

# ਰਿੜ੍ਹਦੇ ਬਾਲ ਦੀਆਂ ਕਲੋਲਾਂ

ਤੂੰ ਹੈ ਪ੍ਰੀਤ ਦੀਆਂ ਗੰਢਾਂ ਪਾਣ ਵਾਲਾ,

ਰਖਿਆ ਮਾਪਿਆਂ ਇਹੋ ਜਿਹਾ ਨਾਮ ਤੇਰਾ।

ਹਰ ਇਕ ਦਿਲ ਤਾਈਂ ਮੋਹ ਲੈਂਵਦਾ ਏਂ,

ਨੱਚਣਾ, ਟੱਪਣਾ, ਝੁੰਮਣਾ ਕਾਮ ਤੇਰਾ।

ਤਾਲ ਸੁਣ ਕੇ ਢੋਲ ਢਮੱਕਿਆਂ ਦੇ,

ਨੱਚ ਕੁੱਦ ਪੈਣਾ ਸੁਬਾਹ ਸ਼ਾਮ ਤੇਰਾ।

ਜੀਭ ਤੋਤਲੀ ਨਾਲ ਤੂੰ ਕਰੇਂ ਗੱਲਾਂ,

ਸਮਝ ਲੈਂਦਾ ਹਾਂ ਮਿੱਠਾ ਕਲਾਮ ਤੇਰਾ।

ਹੱਸ ਹੱਸ ਕੇ ਰਿੜ੍ਹਨਾਂ ਜ਼ਮੀਨ ਉੱਤੇ,

ਖਾਣ ਪੀਣ ਲਈ ਦੁੱਧ ਤਮਾਮ ਤੇਰਾ।

ਖੇਡ ਕੁੱਦ ਕੇ ਆਪੂੰ ਫਿਰ ਸੌਂ ਜਾਣਾ,

ਇਹੋ ਨਿਤ ਦਾ ਹੈ ਪ੍ਰੋਗਰਾਮ ਤੇਰਾ।

ਦਿਨੇ ਸਭਨਾਂ ਨੂੰ ਮਿਲ ਮਿਲਾਂਵਦਾ ਏਂ,

ਰਾਤੀ ਮਾਂ ਦੇ ਪਾਸ ਬਿਸਰਾਮ ਤੇਰਾ।

ਸੰਤੋਖ ਰੱਬ ਅਗੇ ਇਹੋ ਅਰਦਾਸ ਮੇਰੀ,

ਰਾਖਾ ਹੋਇ ਸਾਚਾ ਭਗਵਾਨ ਤੇਰਾ।



**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ

**ਸ: ਹਰਚੰਦਨ ਸਿੰਘ**


- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

ਚੰਦੇ ਦਾ ਵੇਰਵਾ

- ▲ ਇਕ ਕਾਪੀ 15 ਰੁ.,
  ਦੇਸ਼ ਸਾਲਾਨਾ ਚੰਦਾ 150 ਰੁ.
  ਜੀਵਨ ਮੈਂਬਰ ਚੰਦਾ 1500 ਰੁ.
- ▲ ਵਿਦੇਸ਼: ਸਲਾਨਾ ਚੰਦਾ 30 £, ਜੀਵਨ ਮੈਂਬਰ ਚੰਦਾ 300 £
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ–


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com
Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ ਫੋਨ : 0172-2216283, 98150-72197ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


# ਇਸ ਅੰਕ ਵਿਚ


| | |
|---|---|
| ਮਿੱਤਰ ਅਸਾਡੜੇ ਸੇਈ | 4 |
| ਕਰਉ ਬੇਨੰਤੀਆ-ਪ੍ਰੋਫੈਸਰ ਪ੍ਰਭਦਿਆਲ ਸਿੰਘ ਜੀ | 5 |
| ਗੁਰਮਤਿ ਸੰਗੀਤ ਦੇ ਬਾਨੀ ਗੁਰੂ ਨਾਨਕ ਦੇਵ ਜੀ<br>ਡਾ. ਗੁਰਨਾਮ ਸਿੰਘ ਜੀ | 6 |
| ਗੁਰੂ ਗ੍ਰੰਥ ਸਾਹਿਬ ਵਿੱਚ ਕੀਰਤਨ ਅਤੇ<br>ਕੀਰਤਨੀਏ ਦਾ ਸੰਕਲਪ-ਡਾ. ਜਾਗੀਰ ਸਿੰਘ | 9 |
| ਬਹੁ ਪੱਖੀ ਸ਼ਖਸੀਅਤ:ਭਾਈ ਕਰਮ ਸਿੰਘ ਰਤਨ<br>ਭਾਈ ਗੁਰਮੀਤ ਸਿੰਘ ਜੋਸ | 17 |
| ਸੁਰ ਲਿਪੀ- ਰਾਗ ਗਉੜੀ ਮਾਝ<br>ਉਸਤਾਦ ਸੁਰਜੀਤ ਸਿੰਘ | 21 |
| ਸ਼ਬਦ ਅਰਥ | 22 |


## ਵਿਸ਼ੇਸ਼ ਸੂਚਨਾ

ਅੰਮ੍ਰਿਤ ਕੀਰਤਨ ਇਕ ਵਿਸ਼ੇਸ਼ ਪ੍ਰਕਾਰ ਦਾ ਮਾਸਿਕ ਪੱਤਰ ਹੈ। ਜੇ ਇਹ ਤੁਹਾਨੂੰ ਨਹੀਂ ਚਾਹੀਦਾ ਤਾਂ ਤੁਸੀਂ ਐਡਰੈੱਸ ਰੈਪਰ (ਕਵਰ ਪੇਪਰ) 'ਤੇ ਵਾਪਿਸ ਜਾਵੇ ਜਾਂ Return ਲਿਖ ਕੇ ਪੋਸਟ ਬਾਕਸ ਵਿਚ ਪਾ ਦਿਉ ਤਾਂ ਜੋ ਅੱਗੇ ਤੋਂ ਤੁਹਾਨੂੰ ਮੈਗਜ਼ੀਨ ਬੰਦ ਕਰ ਦਿੱਤਾ ਜਾਵੇ ਜਾਂ 9814053630 'ਤੇ ਸੂਚਿਤ ਕਰੋ ਜੀ।

## ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਨਾਮ ਅਤੇ ਐੱਡਰੈੱਸ ਜ਼ਰੂਰ ਸੂਚਿਤ ਕਰੋ ਜੀ ਤਾਂ ਜੋ ਅਸੀਂ ਰਸੀਦ ਕੱਟ ਸਕੀਏ।

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

# ✉ ਮਿਤ੍ਰ ਅਸਾਡੜੇ ਸੇਈ

ਅੰਮ੍ਰਿਤ ਕੀਰਤਨ ਦਾ ਅਕਤੂਬਰ 2016 ਅੰਕ ਆਦਿ ਤੋਂ ਅੰਤ ਤਕ ਕਮਾਲ ਹੈ। ਚੋਪੜਾ ਸਾਹਿਬ ਦੀ ਵਿਲੱਖਣ ਸ਼ਖਸੀਅਤ ਦੇ ਕਈ ਗੁਝੇ ਪੱਖ ਪੇਸ਼ ਕਰਕੇ ਤੁਸੀਂ ਸਾਡੇ ਮਨਾਂ ਵਿੱਚ ਚੋਪੜਾ ਸਾਹਿਬ ਦਾ ਸਤਿਕਾਰ ਹੋਰ ਵਧਾਇਆ ਹੈ।ਕੀਰਤਨ ਅਤੇ ਕੀਰਤਨੀਏ ਦਾ ਸੰਕਲਪ ਬਹੁਤ ਵਧੀਆ ਹੈ। ਸਿੱਖ ਹੈਰੀਏਜ਼ ਪੇਟਿੰਗ ਵੀ ਸੰਭਾਲਣਯੋਗ ਲੇਖ ਹੈ।ਭਾਈ ਸੰਤਾ ਸਿੰਘ ਜੀ ਬਾਰੇ ਲੇਖ ਬਹੁਤ ਪ੍ਰੇਰਨਾਦਾਇਕ ਹੈ। ਇਹੋ ਜਿਹੇ ਵਧੀਆ ਲੇਖ ਛਾਪਣ ਲਈ ਆਪਦਾ ਧੰਨਵਾਦ। ਪ੍ਰੋ ਐਚ ਐਸ ਮਹਿਤਾ 9779172902

ਅੰਮ੍ਰਿਤ ਕੀਰਤਨ ਦੇ ਅਕਤੂਬਰ 2016 ਅੰਕ ਵਿੱਚ ਤੁਹਾਡਾ ਸੰਪਾਦਕੀ – ਮੇਰੇ ਸਰਪ੍ਰਸਤ ਮੇਰੇ ਸਹਿਯੋਗੀ ਵਿੱਚ ਸ੍ਰ. ਹਰਿਭਜਨ ਸਿੰਘ ਚੋਪੜਾ ਹੋਰਾਂ ਬਾਰੇ ਪੜ੍ਹ ਕੇ ਬੜੀ ਪ੍ਰਸੰਨਤਾ ਹੋਈ। ਮੈਨੂੰ ਵੀ 1994 ਤੋਂ ਚੋਪੜਾ ਸਾਹਿਬ ਦੀ ਨੇੜਤਾ ਮਾਨਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਤੁਸੀਂ ਉਹਨਾਂ ਦੀ ਸ਼ਖਸੀਅਤ ਬਾਰੇ ਕੁੱਜੇ ਵਿੱਚ ਸਮੁੰਦਰ ਬੰਦ ਕਰਨ ਵਾਲੀ ਗੱਲ ਕੀਤੀ ਹੈ। ਚੰਡੀਗੜ੍ਹ ਦੀਆਂ ਅਨੇਕਾਂ ਚੈਰੀਟੇਬਲ ਸੰਸਥਾਵਾਂ ਚੋਪੜਾ ਸਾਹਿਬ ਦੀਆਂ ਸੇਵਾਂਵਾਂ ਕਾਰਨ ਰਿਣੀ ਹਨ। ਖਾਸ ਕਰਕੇ ਸੇਵਕ ਚੈਰੀਟੇਬਲ ਟ੍ਰਸਟ ਵਿੱਚ ਜ਼ੋ ਉਹਨਾਂ ਸੇਵਾ ਕੀਤੀ ਤੇ ਅਜੇ ਤਕ ਕਰ ਰਹੇ ਹਨ ਇਸ ਦਾ ਮੈਂ ਜਿਤਨਾ ਵੀ ਧੰਨਵਾਦ ਕਰਾਂ ਥੋਹੜਾ ਹੈ। ਮੈ ਵੀ ਤੁਹਾਡੇ ਨਾਲ ਉਹਨਾਂ ਨੂੰ ਆਦਰ ਪੇਸ਼ ਕਰਨ ਦੀ ਖੁਸ਼ੀ ਲੈਂਦਾ ਹਾਂ। ਕੇ. ਐਸ. ਚੁੱਘ 98141 01806

ਅੰਮ੍ਰਿਤ ਕੀਰਤਨ ਸਾਨੂੰ ਮਲੋਟ ਵਿੱਚ ਨਿਰੰਤਰ ਮਿਲ ਰਿਹਾ ਹੈ। ਅਸੀਂ ਸਾਰੇ ਪ੍ਰੋ. ਐਮ. ਐਸ. ਸਚਦੇਵਾ ਅਤੇ ਸੰਤ ਮੁਕੰਦ ਸਿੰਘ ਇਸ ਤੋਂ ਬਹੁਤ ਕੁਝ ਸਿਖਦੇ ਹਾਂ। ਅਕਤੂਬਰ ਦੇ ਅੰਕ ਵਿੱਚ ਸ੍ਰ. ਹਰਿਭਜਨ ਸਿੰਘ ਚੋਪੜਾ ਬਾਰੇ ਪੜ੍ਹ ਕੇ ਖੁਸ਼ੀ ਭਰੀ ਹੈਰਾਨੀ ਹੋਈ ਉਹਨਾਂ ਦੇ ਰੁਝੇਵਿਆਂ ਭਰੇ ਜੀਵਨ ਵਿੱਚੋਂ ਸਮਾਂ ਕੱਢ ਕੇ ਕੀਰਤਨ ਸਿਖਾਉਣ ਦੀ ਲਗਨ ਅਤੇ ਅੰਮ੍ਰਿਤ ਕੀਰਤਨ ਵਿੱਚ ਵੰਨਸੁਵੰਨੀਆਂ ਸੁਰ ਲਿਪੀਆਂ ਦੇਣ ਲਈ ਉਹਨਾਂ ਦਾ ਧੰਨਵਾਦ ਕਰਦੇ ਹਾਂ। ਮੰਗਤ ਸਿੰਘ ਮਸਤਾਨਾ 9463782514

## BEAUTIFULTHOUGHTS

Always remember to forget
the things that made you sad
But never forget to remember
the things that made you glad

Always remember to forget
the friends that proved untrue
But never forget to remember
those that have struck by you

Always remember to forget
the troubles that passed away
But never forget to remember
the blessings that come each day.

# ਕਰਉ ਬੇਨੰਤੀਆ

## ਪ੍ਰੋਫੈਸਰ ਪ੍ਰਭਦਿਆਲ ਸਿੰਘ ਜੀ

ਪ੍ਰੋਫੈਸਰ ਪ੍ਰਭਦਿਆਲ ਸਿੰਘ ਅੰਮ੍ਰਿਤ ਕੀਰਤਨ ਦੇ ਵਿਦਵਾਨ ਪਾਠਕਾਂ ਵਿੱਚੋਂ ਇੱਕ ਹਨ। ਉਹ ਅੰਮ੍ਰਿਤ ਕੀਰਤਨ ਵਿੱਚ ਛਪੀ ਸਮੱਗਰੀ ਉਪਰ ਆਪਣੇ ਦ੍ਰਿਸ਼ਟੀਕੋਣ ਤੋਂ ਸਾਰਥਕ ਪ੍ਰਤੀਕਰਮ ਲਿਖ ਕੇ ਭੇਜਦੇ ਰਹਿੰਦੇ ਹਨ। ਕੇਵਲ ਅੰਮ੍ਰਿਤ ਕੀਰਤਨ ਵਿੱਚ ਛਪੇ ਲੇਖਾਂ ਬਾਰੇ ਹੀ ਨਹੀਂ ਲਿਖਦੇ ਸਗੋਂ ਇਸ ਵਿੱਚ ਮਿਤ੍ਰ ਅਸਾਡੜੇ ਸੇਈ ਕਾਲਮ ਤਹਿਤ ਪ੍ਰਕਾਸ਼ਿਤ ਪੱਤਰਾਂ ਬਾਰੇ ਵੀ ਟਿੱਪਣੀਆਂ ਕਰਦੇ ਹਨ। ਉਹਨਾਂ ਦੀਆਂ ਇਹਨਾਂ ਟਿੱਪਣੀਆਂ ਤੋਂ ਸਿੱਖ ਸਮਾਜ ਪ੍ਰਤੀ ਉਹਨਾਂ ਦੀ ਸੰਵੇਦਨਸ਼ੀਲਤਾ ਅਤੇ ਉਹਨਾਂ ਦੀ ਵਿਦਵਤਾ ਦਾ ਪਤਾ ਭਲੀ ਭਾਂਤ ਲਗਦਾ ਹੈ। ਪਿਛੇ ਜਿਹੇ ਉਹਨਾਂ ਦੀ ਪੁਸਤਕ ਪ੍ਰਕਾਸ਼ਿਤ ਹੋਈ GLOBAL GURMAT GUIDE , ਇਸ ਪੁਸਤਕ ਵਿੱਚ ਉਹਨਾਂ ਦੇ ਆਪਣੇ ਲੇਖਾਂ ਤੋਂ ਇਲਾਵਾ ਉਹਨਾਂ ਨੂੰ ਚੰਗੇ ਲਗਦੇ ਹੋਰ ਲੇਖਕਾਂ ਦੇ ਲੇਖ ਵੀ ਪ੍ਰਕਾਸ਼ਿਤ ਕੀਤੇ ਹਨ। ਉਹਨਾਂ ਨੇ ਆਪਣਾ ਜੀਵਨ ਮਨੋਰਥ ਸਾਨੂੰ ਲਿਖੇ ਇੱਕ ਪੱਤਰ ਵਿੱਚ ਸਪਸ਼ਟ ਕੀਤਾ ਹੈ- ਜਬ ਲਗ ਦੁਨੀਆ ਰਹੀਐ ਨਾਨਕ ਕਿਛ ਸੁਣੀਐ ਕਿਛ ਕਹੀਐ-----ਜਨ ਨਾਨਕ ਧੂਰ ਮੰਗੈ ਤਿਸ ਜਨ ਕੀ ਜੋ ਆਪ ਜਪੈ ਟਵਰਹਿ ਨਾਮ ਜਪਾਵਹਿ।1996 ਵਿੱਚ 35 ਸਾਲ ਆਲ ਇੰਡੀਆ ਰੇਡੀਓ ਦੀ ਸਰਵਿਸ ਤੋਂ ਰਿਟਾਇਰ ਹੋ ਕੇ ਉਹਨਾਂ ਨੇ ਆਪਣੇ ਆਪ ਨੂੰ ਸਿੱਖ ਧਰਮ ਸਮਝਣ ਅਤੇ ਸਕੂਲ ਕਾਲਜਾਂ ਦੇ ਵਿਦਿਆਰਥੀਆਂ ਨੂੰ ਸਮਝਾਉਣ ਲਈ ਸਮਰਪਿਤ ਕਰ ਦਿੱਤਾ ਹੈ।ਪੁਸਤਕ ਦੇ ਅਰੰਭ ਵਿੱਚ ਉਹਨਾਂ ਨੇ ਜੋ ਬੇਨਤੀ ਲਿਖੀ ਹੈ ਉਹ ਭਾਵਪੂਰਤ ਹੈ ਤੇ ਬਾਰ ਬਾਰ ਪੜ੍ਹਨੀ ਚਾਹੀਦੀ ਹੈ-

Spread your wings,  
to keep safe your rings,  
soar higher to touch the sky,  
keep your views and ideas high-------just reading and listing Gurbani do not make us wise and religious until we grasp (and practice) the gist of these teachings.

ਉਹਨਾਂ ਨੇ ਆਪਣੀ ਪੁਸਤਕ ਵਿੱਚ ਬਹੁਤ ਗੁੰਝਲਦਾਰ ਵਿਸ਼ਿਆਂ ਬਾਰੇ ਲਿਖਣ ਦੀ ਬਜਾਇ ਰੋਜ਼ਾਨਾ ਦੀ ਜੀਵਨ ਜਾਚ ਵੱਲ ਧਿਆਨ ਦਿੱਤਾ ਹੈ। ਇਸ ਬਾਰੇ ਉਹਨਾਂ ਨੇ ਯੋਗ ਸਮੱਗਰੀ ਚੁਣ ਕੇ ਪੁਸਤਕ ਵਿੱਚ ਸ਼ਾਮਲ ਕੀਤੀ ਹੈ।ਸਾਨੂੰ ਖੁਸ਼ੀ ਹੈ ਕਿ ਅੰਮ੍ਰਿਤ ਕੀਰਤਨ ਦੇ ਕੁਝ ਲੇਖਾਂ ਨੂੰ ਵੀ ਲੇਖਕ ਨੇ ਆਪਣੀ ਪੁਸਤਕ ਵਿੱਚ ਸ਼ਾਮਲ ਕਰਨ ਦੇ ਯੋਗ ਸਮਝਿਆ। ਪੁਸਤਕ ਵਿੱਚ ਕੁਝ ਵਿਸ਼ੇ ਵਿਸ਼ੇਸ਼ ਧਿਆਨ ਮੰਗਦੇ ਹਨ-man and manners,

father and son,  
let us think better,  
so called sikh of today,  
mind and soul forces,  
setting ideals for life,

ਇਹ ਪੁਸਤਕ ਘਰ ਵਿੱਚ ਰੱਖਣ ਯੋਗ ਹੈ। ਜਦੋਂ ਇਸ ਨੂੰ ਪੜ੍ਹਾਂਗੇ ਕੁਝ ਨਾ ਕੁਝ ਜ਼ਰੂਰ ਸਿੱਖਣ ਨੂੰ ਮਿਲੇਗਾ। ਸ਼ਾਇਦ ਇਸੇ ਲਈ ਇਸ ਦਾ ਨਾਮ ਭ:+ਨੰ: ਭਓਵਝੰਓ ਭਓਜ਼ਨਥ ਰੱਖਿਆ ਗਿਆ ਹੈ। ਇਸ ਪੁਸਤਕ ਮੰਗਵਾਉਣ ਲਈ ਲੇਖਕ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਐਡਰੈਸ ਹੈ-- Prof, Prabhdial Singh, 7273/A Street 21 New Janta Nagar(Near Guru Harkrishan School Dabha) Ludiana Mob.:98036 14738 ਭੁਲ ਚੁਕ ਖਿਮਾ

# ਗੁਰਮਤਿ ਸੰਗੀਤ ਦੇ ਬਾਨੀ ਗੁਰੂ ਨਾਨਕ

(ਡਾ.ਗੁਰਨਾਮ ਸਿੰਘ)

ਵਿਸ਼ਵ ਵਿਚ ਵਿਲੱਖਣ ਸੰਗੀਤ ਪਰੰਪਰਾ ਵਜੋਂ ਉਜਾਗਰ ਹੋ ਰਹੀ ਗੁਰਮਤਿ ਸੰਗੀਤ ਪਰੰਪਰਾ ਦਾ ਆਰੰਭ ਗੁਰੂ ਨਾਨਕ ਪਾਤਿਸ਼ਾਹ ਦੁਆਰਾ ਹੋਇਆ। ਆਪ ਨੇ ਆਪਣਾ ਸੰਦੇਸ਼ ਸਭ ਲੋਕਾਈ ਤੱਕ ਸੰਚਰਿਤ ਕਰਨ ਲਈ ਸ਼ਬਦ ਤੇ ਸੰਗੀਤ ਦੀ ਸੰਮਿਲਤ ਜੁਗਤ ਅਪਣਾਈ ਜੋ ਸਿੱਖ ਧਰਮ ਵਿਚ ਸ਼ਬਦ ਕੀਰਤਨ ਦੇ ਰੂਪ ਵਿਚ ਉਜਾਗਰ ਹੋਈ। ਸੁਲਤਾਨਪੁਰ ਲੋਧੀ ਦੀ ਧਰਤ ਇਸ ਪ੍ਰਥਾਇ ਪਾਵਨ ਤੇ ਪਵਿੱਤਰ ਹੈ ਜਿੱਥੋਂ ਸਤਿਗੁਰ ਨੇ ਲੋਕਾਈ ਸੋਧਣ ਲਈ ਉਦਾਸੀਆਂ ਦਾ ਪ੍ਰਾਰੰਭ ਕੀਤਾ। ਅਕਾਲ ਰੂਪੀ ਗੁਰੂ ਨਾਨਕ ਸਾਹਿਬ ਨੇ ਆਪਣਾ ਸੰਗੀ ਮਰਦਾਨਾ ਰਬਾਬੀ ਚੁਣਿਆ ਜਿਸ ਦਾ ਪਰਿਚੈ ਭਾਈ ਗੁਰਦਾਸ ਨੇ "ਭਲਾ ਰਬਾਬ ਵਜਾਇੰਦਾ ਮਜਲਸ ਮਰਦਾਨਾ ਮੀਰਾਸੀ" ਵਜੋਂ ਦਿੱਤਾ ਹੈ।" ਭਾਈ ਮਰਦਾਨਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਨਿਕਟਵਰਤੀ ਸਾਥੀ, ਅਨਿਨ ਸੇਵਕ, ਰਬਾਬੀ ਤੇ ਪ੍ਰਥਮ ਸਿੱਖ ਸੀ। ਅਸਧਾਰਣ ਪ੍ਰਤਿਭਾ ਵਾਲੇ ਇਸ ਵਿਅਕਤੀ ਦੀ ਸ਼ਖ਼ਸੀਅਤ ਦਾ ਅੰਦਾਜ਼ਾ ਸਿੱਖ ਇਤਿਹਾਸ ਤੋਂ ਭਲੀ-ਭਾਂਤ ਲੱਗ ਜਾਂਦਾ ਹੈ। ਵਿਸ਼ੇਸ਼ ਗੱਲ ਇਹ ਹੈ ਕਿ ਮਰਦਾਨਾ ਹੀ ਬਾਣੀ ਦਾ ਪ੍ਰਥਮ ਸਰੋਤਾ ਤੇ ਪ੍ਰਥਮ ਵਾਦਕ ਹੈ। ਮਰਦਾਨਾ ਵੱਖ ਵੱਖ ਉਦਾਸੀਆਂ ਸਮੇਂ ਗੁਰੂ ਨਾਨਕ ਸਾਹਿਬ ਦੇ ਨਾਲ ਹੀ ਨਹੀਂ ਰਿਹਾ ਸਗੋਂ ਆਪ ਨੇ ਸਧਾਰਣ ਮਨੁੱਖ ਜਿਗਿਆਸੂ ਵਜੋਂ ਸਿੱਖ ਧਰਮ ਦੀ ਸਥਾਪਨਾ ਤੇ ਪ੍ਰਸਾਰ ਵਿਚ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਡਾ. ਬਲਬੀਰ ਸਿੰਘ ਦੇ ਸ਼ਬਦਾਂ ਵਿਚ ਮਰਦਾਨਾ ਸੰਕੇਤ ਹੈ ਉਸ ਹੁਲਰ ਦਾ ਜਿਸ ਨੇ ਕਲਯੁਗ ਉੱਤੇ ਫਤਹਿ ਪਾਉਣੀ ਹੈ ਉਹ ਪਹਿਲਾ ਆਦਮੀ ਸੀ ਜਿਸ ਦਾ ਮਨ ਗੁਰੂ ਨੇ ਸਵਰ ਬ੍ਰਹਮ ਨਾਲ ਵਿਭੂਸ਼ਤ ਕਰ ਦਿੱਤਾ ਸੀ। ਮਰਦਾਨਾ ਸੇਵਕ ਸੀ, ਸਿੱਖ ਸੀ, ਚੇਲਾ ਸੀ, ਰਾਗੀ ਸੀ, ਰਬਾਬੀ ਸੀ ਪਰ ਜੋ ਕੁਝ ਵੀ ਸੀ ਉਹ ਇਸ ਗੱਲ ਦਾ ਮਾਣ ਜ਼ਰੂਰ ਰੱਖਦਾ ਸੀ ਕਿ ਗੁਰੂ ਦਾ ਦੋਸਤ ਹੈ।

ਖਾਨਦਾਨੀ ਮਿਰਾਸੀ ਹੋਣ ਕਰਕੇ ਭਾਈ ਮਰਦਾਨੇ ਨੂੰ ਗਾਇਨ ਪ੍ਰਤਿ ਮੋਹ ਵਿਰਾਸਤੀ ਸੰਸਕਾਰਾਂ ਦੇ ਰੂਪ ਵਿਚ ਪ੍ਰਾਪਤ ਹੋਇਆ। ਭਾਈ ਮਰਦਾਨੇ ਨੇ ਭਾਈ ਫਿਰੰਦਾ ਤੋਂ ਸੰਗੀਤ ਸਿੱਖਿਆ ਪ੍ਰਾਪਤ ਕੀਤੀ। ਭਾਈ ਫਿਰੰਦਾ ਤੋਂ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਿਸ਼ੇਸ਼ ਕਿਸਮ ਦੀ ਰਬਾਬ ਤਿਆਰ ਕਰਵਾਈ। ਰਬਾਬ ਸਫ਼ਰ ਕਰਨ ਵਾਲੇ ਸੈਲਾਨੀਆਂ ਦਾ ਪ੍ਰਿਯ ਪ੍ਰਵਾਣਿਤ ਸਾਜ਼ ਹੈ ਜੋ ਧੁਨ ਦੇ ਨਾਲ ਨਾਲ ਲੈਅ ਦੇਣ ਵਿਚ ਵੀ ਸਹਾਈ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਦਾ ਬਾਣੀ ਅਵਤਰਣ ਦਾ ਇਸ ਬ੍ਰਹਿਮੰਡੀ ਜਗਤ ਵਿਚ ਪ੍ਰਵੇਸ਼ ਦਾ ਵਿਸ਼ਿਸ਼ਟ ਮਾਧਿਅਮ ਸੰਗੀਤ ਹੀ ਸੀ। ਪੁਰਾਤਨ ਜਨਮਸਾਖੀ ਵਿਚ ਗੁਰੂ ਸਾਹਿਬ ਮਰਦਾਨੇ ਨੂੰ ਕਹਿੰਦੇ ਹਨ : "ਮਰਦਾਨਿਆ ਸਬਦੁ ਚਿਤਿ ਕਰਿ, ਤਉ ਬਾਝਹੁ ਬਾਣੀ ਸਰਿ ਨਾਹੀ ਆਵਦੀ, ਮਰਦਾਨਿਆ ਰਬਾਬ ਵਜਾਇ।" ਮਰਦਾਨੇ ਦੁਆਰਾ ਰਬਾਬ ਦੀ ਸੰਗੀਤ ਵਿਚ ਗੁਰੂ ਨਾਨਕ ਦੇਵ ਜੀ ਜਦੋਂ 'ਧੁਰ ਕੀ ਬਾਣੀ' ਦਾ

ਗਾਇਨ ਕਰਦੇ ਸਹਿਜੇ ਹੀ ਜਿਗਿਆਸੂ ਸਰੋਤੇ ਗੁਰੂ ਬਾਬੇ ਦੁਆਲੇ ਇਕੱਤਰ ਹੁੰਦੇ ਹਨ। ਉਪਦੇਸ਼ ਦੀ ਇਸ ਪ੍ਰਕਿਰਿਆ ਦੀਆਂ ਅਨੇਕ ਪਰਤਾਂ ਬਾਣੀ ਦੇ ਸੰਚਾਰ ਪ੍ਰਬੰਧ ਦਾ ਹਿੱਸਾ ਹਨ। ਕੇਵਲ ਸੰਗੀਤਕ ਜੁਗਤ ਉੱਤੇ ਹੀ ਕੇਂਦਰਿਤ ਰਹੀਏ ਤਾਂ ਸਪੱਸ਼ਟ ਹੈ ਕਿ ਗੁਰਮਤਿ ਸੰਗੀਤ ਪ੍ਰਬੰਧ ਦੀ ਸਿਧਾਂਤਕਤਾ ਦੇ ਬੀਜ ਇੱਥੇ ਹੀ ਪਏ ਜਾਪ ਰਹੇ ਹਨ, ਜਿਹੜੇ ਬਾਅਦ ਵਿਚ ਸੰਸਥਾਗਤ ਰੂਪ ਵਿਚ ਮੌਲੇ ਤੇ ਵਿਗਸੇ।

ਗੁਰੂ ਨਾਨਕ ਆਪਣੀ ਬਾਣੀ ਨੂੰ ਖਸਮ ਕੀ ਬਾਣੀ ਆਖਦੇ ਹਨ ਅਤੇ ਆਪਣੇ ਆਪ ਨੂੰ ਸਾਇਰ ਢਾਢੀ ਦੇ ਰੂਪ ਵਿਚ ਪੇਸ਼ ਕਰਦੇ ਹਨ। ਇਸ ਤਰ•ਾਂ ਉਹ ਆਪਣੇ ਆਪ ਨੂੰ ਬਾਣੀ ਦੇ ਰਚਨਹਾਰੇ ਹੋਣ ਦੀ ਹਉ ਤੋਂ ਨਿਰਲੇਪ ਰਹਿੰਦਿਆਂ ਆਪਣੇ ਆਪ ਨੂੰ 'ਖਸਮ ਕੀ ਬਾਣੀ ਦਾ ਸੰਚਾਰ ਕਰਨ ਵਾਲੇ ਪ੍ਰਸਤੁਤਕਾਰ ਦੇ ਰੂਪ ਵਿਚ ਚਿਤਵਦੇ ਹਨ।

ਸਤਿਗੁਰ ਜਗਤ ਉਦਾਰ ਲਈ ਜਿੱਥੇ ਵੀ ਗਏ ਉਨ•ਾਂ ਸ਼ਬਦ ਕੀਰਤਨ ਦੀ ਰਾਗਾਤਮਕ ਧੁਨੀ ਦੁਆਰਾ ਵੱਖ ਵੱਖ ਇਲਾਕਿਆਂ, ਜਾਤਾਂ, ਸ਼੍ਰੇਣੀਆਂ ਤੇ ਵਿਭਿੰਨ ਸਭਿਆਚਾਰ ਦੇ ਲੋਕ ਸਮੂਹਾਂ ਨੂੰ ਉਪਦੇਸ਼ ਦਿੱਤਾ। ਸ਼ਬਦ ਕੀਰਤਨ ਦਾ ਰਾਗਾਤਮਕ ਗਾਇਨ ਅਤੇ ਇਸ ਨਾਲ ਰਬਾਬ ਦਾ ਵਾਦਨ ਗੁਰਮਤਿ ਸੰਗੀਤ ਦੀ ਗਾਇਨ ਤੇ ਵਾਦਨ ਪਰੰਪਰਾ ਦੇ ਆਰੰਭ ਦਾ ਅਧਾਰ ਬਣਿਆ ਜਿਸ ਨੂੰ ਬਾਕੀ ਗੁਰੂ ਸਾਹਿਬਾਨ ਅਤੇ ਸਿੱਖ ਸੰਗਤਾਂ ਨੇ ਇਕ ਵਿਸ਼ਾਲ ਸੰਗੀਤਕ ਪਰੰਪਰਾ ਵਜੋਂ ਵਿਕਸਿਤ ਕੀਤਾ ਜਿਸ ਦੇ ਵਿਸ਼ਵ ਪੱਧਰੀ ਪਸਾਰੇ ਉੱਤੇ ਅਸੀਂ ਅੱਜ ਮਾਣ ਕਰ ਰਹੇ ਹਾਂ। ਇਸ ਪ੍ਰਸੰਗ ਵਿਚ ਗੁਰਮਤਿ ਸੰਗੀਤ ਪ੍ਰਤੀ ਗੁਰੂ ਨਾਨਕ ਦੇਵ ਜੀ ਦੇ ਬੁਨਿਆਦੀ ਯੋਗਦਾਨ ਦੀ ਸਿਫਤ ਸਲਾਹ ਸਾਡੇ ਇਸ ਰਚਨਾ ਦਾ ਵਿਸ਼ਾ ਹੈ।

ਸ਼ਬਦ ਕੀਰਤਨ ਦੇ ਵਿਕਾਸ ਲਈ ਕਰਤਾਰਪੁਰ ਸਾਹਿਬ (ਪਾਕਿਸਤਾਨ) ਪ੍ਰਥਮ ਕੀਰਤਨ ਕੇਂਦਰ ਵਜੋਂ ਉਜਾਗਰ ਹੋਇਆ ਜਿੱਥੇ ਸਵੇਰੇ ਸ਼ਾਮ ਸ਼ਬਦ ਕੀਰਤਨ ਦਾ ਗਾਇਨ ਕੀਤਾ ਜਾਂਦਾ ਸੀ। "ਸੋਦਰ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ।" ਗੁਰਮਤਿ ਸੰਗੀਤ ਦੀਆਂ ਕੀਰਤਨ ਚੌਕੀਆਂ ਦਾ ਆਰੰਭਿਕ ਰੂਪ ਇਹੋ ਸੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਬਾਣੀ ਵਿਭਿੰਨ ਮੁੱਖ ਰਾਗਾਂ ਅਤੇ ਰਾਗ ਪ੍ਰਕਾਰਾਂ ਦੇ ਅੰਤਰਗਤ ਉਪਲਬ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲ•ਾਰ, ਪ੍ਰਭਾਤੀ ਮੁੱਖ ਰਾਗਾਂ ਦਾ ਪ੍ਰਬੰਧ ਕੀਤਾ ਗਿਆ ਹੈ। ਇਸੇ ਤਰ•ਾਂ ਗਉੜੀ ਗੁਆਰੇਰੀ, ਗਉੜੀ ਦਖਣੀ, ਗਉੜੀ ਚੇਤੀ, ਗਉੜੀ ਬੈਰਾਗਣਿ, ਗਉੜੀ ਪੂਰਬੀ ਦੀਪਕੀ, ਗਉੜੀ ਪੂਰਬੀ, ਗਉੜੀ ਦੀਪਕੀ, ਆਸਾ ਕਾਫੀ, ਵਡਹੰਸ ਦਖਣੀ, ਸੂਹੀ ਕਾਫੀ, ਬਿਲਾਵਲ ਦਖਣੀ,

ਰਾਮਕਲੀ ਦਖਣੀ, ਮਾਰੂ ਕਾਫੀ, ਮਾਰੂ ਦਖਣੀ, ਪ੍ਰਭਾਤੀ ਬਿਭਾਸ, ਪ੍ਰਭਾਤੀ ਦਖਣੀ ਰਾਗ ਮਿਸ਼ਰਤ ਰਾਗਾਂ ਵਜੋਂ ਦ੍ਰਿਸ਼ਟੀ ਗੋਚਰ ਹੁੰਦੇ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਦੁਅਰਾ ਰਚਿਤ ਬਾਣੀ ਰਾਗਾਂ ਅਤੇ ਰਾਗ ਪ੍ਰਕਾਰਾਂ ਤੋਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਆਪ ਨੇ ਪ੍ਰਚੱਲਿਤ ਸ਼ਾਸਤਰੀ ਰਾਗਾਂ, ਦੇਸੀ ਰਾਗਾਂ ਤੋਂ ਇਲਾਵਾ ਅਪ੍ਰਚੱਲਿਤ 26 ਰਾਗਾਂ ਵਿਚ ਵੀ ਬਾਣੀ ਦੀ ਰਚਨਾ ਕੀਤੀ। ਆਪ ਦੁਆਰਾ ਰਚਿਤ ਮਹੱਤਵਪੂਰਨ ਬਾਣੀ ਰਚਨਾਵਾਂ ਇਸ ਪ੍ਰਕਾਰ ਹਨ : ਜਪੁ, ਪੱਟੀ (ਰਾਸ ਆਸਾ), ਓਅੰਕਾਰ (ਰਾਗ ਰਾਮਕਲੀ), ਸਿੱਧ ਗੋਸਟਿ (ਰਾਗ ਰਾਮਕਲੀ), ਬਾਰਹਮਾਹ (ਰਾਗ ਤੁਖਾਰੀ), ਵਾਰਾਂ (ਰਾਗ, ਮਾਝ, ਆਸਾ ਅਤੇ ਮਲ•ਾਰ) ਆਦਿ। ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਤ ਗੁਰਮਤਿ ਸੰਗੀਤ ਨੂੰ ਦਿੱਤੀ ਇਸ ਮਹਾਨ ਦੇਣ ਸਦਕਾ ਇਸ ਸੰਗੀਤ ਪੱਧਤੀ ਦਾ ਅਰੰਭ ਹੋਇਆ ਜਿਸ ਦੀ ਵਿਸ਼ਿਸ਼ਟਤਾ ਅਤੇ ਮੌਲਿਕਤਾ ਨੂੰ ਧਿਆਨ ਵਿਚ ਰੱਖਦੇ ਹੋਏ ਅਗਲੇ ਸਿੱਖ ਗੁਰੂਆਂ ਨੇ ਇਸ ਦੇ ਵਿਕਾਸ ਕ੍ਰਮ ਵਿਚ ਆਪਣਾ ਭਰਪੂਰ ਯੋਗਦਾਨ ਪਾਇਆ ।

ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਚੇਅਰ-ਗੁਰਮਤਿ
ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਗੁਰੂ ਗ੍ਰੰਥ ਸਾਹਿਬ ਵਿਚ ਕੀਰਤਨ ਅਤੇ ਕੀਰਤਨੀਏ ਦਾ ਸੰਕਲਪ

ਡਾ. ਜਾਗੀਰ ਸਿੰਘ

*ਮਨ ਮਹਿ ਚਿਤਵਉ ਚਿਤਵਨੀ*
*ਉਦਮੁ ਕਰਉ ਉਠ ਨੀਤ॥*
*ਹਰਿ ਕੀਰਤਨ ਕਾ ਆਹਰੋ*
*ਹਰਿ ਦੇਹੁ ਨਾਨਕ ਕੇ ਮੀਤ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 519)

*ਗ੍ਰਿਹਿ ਤਾ ਕੇ ਬਸੰਤੁ ਗਨੀ॥*
*ਜਾ ਕੇ ਕੀਰਤਨੁ ਹਰਿ ਧੁਨੀ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1180)

*ਹਰਿ ਦਿਨੁ ਰੈਣਿ ਕੀਰਤਨੁ ਗਾਈਐ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 623)

ਹਰੀ ਕੀਰਤਨ ਨੂੰ ਹਰਿ ਜਸੁ ਆਖਦਿਆਂ ਇਸ ਨੂੰ ਰਤਨ ਜਵਾਹਰ, ਮਾਣਕ ਹੀਰੇ ਮੋਤੀ ਨਾਲ ਤੁਲਨਾ ਦਿੱਤੀ ਗਈ ਹੈ:

*ਗੁਰ ਕੀ ਸੇਵਾ ਮੁਕਤ ਪਰਾਇਣ*
*ਅਨਦਿਨ ਕੀਰਤਨ ਕੀਨਾ ਹੇ।*

---

*ਮੋਤੀ ਮਾਣਕ ਹੀਰਾ ਹਰਿ ਜਸੁ ਗਾਵਤ ਮਨੁ ਤਨੁ ਭੀਨਾ ਹੇ॥*

(ਮਾਰੂ ਸੋਲਹੇ ਮਹਲਾ ੧, ਪੰਨਾ 1028)

ਹਰੀ ਦੇ ਗੁਣ ਗਾਇਨ ਕਰਨ ਅਰਥਾਤ ਕੀਰਤਨ ਵਿੱਚ ਮਨ ਨੂੰ ਇਕਾਗਰ ਕਰਨ ਦੀ ਸ਼ਕਤੀ ਹੈ। ਇਸ ਦਾ ਮਨ ਉੱਤੇ ਸਿੱਧਾ ਪ੍ਰਭਾਵ ਪੈਂਦਾ ਹੈ। ਇਸ ਤਰ੍ਹਾਂ ਬਿਰਤੀ ਸਹਿਜੇ ਹੀ ਇਕਾਗਰ ਹੋ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ:

*ਮਨੁ ਜੋਗੀ ਮਨੁ ਬਿਨਸਿ ਬਿਓਗੀ*
*ਮਨੁ ਸਮਝੈ ਗੁਣ ਗਾਈ॥*

(ਭੈਰਉ ਮਹਲਾ ੧, ਪੰਨਾ 1125)

*ਮਨ ਕਾ ਜੀਉ ਪਵਨਪਤਿ*
*ਦੇਹੀ ਦੇਹੀ ਮਹਿ ਦੇਉ ਸਮਾਗਾ॥*
*ਜੇ ਤੂ ਦੇਹਿ ਤ ਹਰਿ ਰਸੁ ਗਾਈ*
*ਮਨ ਤ੍ਰਿਪਤੈ ਹਰਿ ਲਿਵ ਲਾਗਾ॥*

(ਸੋਰਠ ਮਹਲਾ ੧ ਪੰਨਾ 598)

ਗਾਇਨ ਮਨੁੱਖ ਦੀਆਂ ਮਨ ਬਿਰਤੀਆਂ ਨੂੰ ਆਪਣੇ ਵੱਲ ਖਿੱਚ ਲੈਂਦਾ ਹੈ। ਗੁਣ ਗਾਇਨ ਕਰਨ ਲਈ ਮਨ ਇਸ ਗਾਇਨ ਕਲਾ ਦੇ ਹਵਾਲੇ ਕਰਨਾ ਪੈਂਦਾ ਹੈ। ਇਸੇ ਲਈ ਗੁਰੂ ਸਾਹਿਬ ਉਚਾਰਦੇ ਹਨ:

*ਮਨੁ ਦੇ ਲੀਆ ਰਹਸਿ ਗੁਣ ਗਾਈ॥*

(ਗਉੜੀ ਗੁਆਰੇਰੀ ਮਹਲਾ ੧,ਪੰਨਾ 221)

*ਗਾਇਨ ਕਰਨ ਨਾਲ ਸਦੀਵੀ ਸੁਖ ਪ੍ਰਾਪਤ ਹੁੰਦਾ ਹੈ:*

*ਜੈ ਘਰਿ ਕੀਰਤਿ ਆਖੀਐ*
*ਕਰਤੇ ਕਾ ਹੋਇ ਬੀਚਾਰ ॥*
*ਤਿਤੁ ਘਰਿ ਗਾਵਹੁ*
*ਸੋਹਿਲਾ ਸਿਵਰਹੁ ਸਿਰਜਣਹਾਰ ॥*
*ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ॥*
*ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ॥*

(ਗਉੜੀ ਪੂਰਬੀ ਦੀਪਕੀ ਮਹਲਾ ੧, ਪੰਨਾ 157)

ਹਰੀ ਦੇ ਗੁਣ ਗਾਇਨ ਕਰਨ ਨਾਲ ਹਰੀ ਮਿਲ ਪੈਂਦਾ ਹੈ ਅਤੇ ਸੁਖ ਦੀ ਪ੍ਰਾਪਤੀ ਹੁੰਦੀ ਹੈ:

*ਲਾਹਾ ਹਰਿ ਗੁਣ ਗਾਇ ਮਿਲੈ ਸੁਖੁ ਪਾਈਐ॥*

(ਆਸਾ ਮਹਲਾ ੧, ਪੰਨਾ 422)

ਹਰੀ ਦੇ ਗੁਣ ਗਾਇਨ ਕਰਨ ਨਾਲ ਜਮ ਦੂਤ ਨੇੜੇ ਨਹੀਂ ਆਉਂਦਾ:

*ਦੂਤ ਨ ਲਾਗਿ ਸਕੈ ਗੁਨ ਗਾਇ॥*

(ਆਸਾ ਮਹਲਾ ੧, ਪੰਨਾ 416)

*ਹਿਰਦੈ ਸਾਚੁ ਵਸੈ ਹਰਿ ਨਾਇ॥*
*ਕਾਲੁ ਨ ਜੋਹਿ ਸਕੈ ਗੁਣ ਗਾਇ॥*

(ਗਉੜੀ ਮਹਲਾ ੧, ਪੰਨਾ 227)

ਭਾਵ ਹਰੀ ਦੇ ਗੁਣ ਗਾਇਨ ਕਰਨ ਨਾਲ ਮਨੁੱਖ ਕਾਲ ਭਾਵ ਜਨਮ ਮਰਨ ਦੇ ਚੱਕਰ ਤੋਂ ਬਚ ਜਾਂਦਾ ਹੈ।

*ਅਕੁਲ ਗਾਇ ਜਮ ਤੇ ਕਿਆ ਡਰੀਐ॥*

(ਮਾਰੂ ਮਹਲਾ ੧ ਪੰਨਾ 1040)

ਇਸ ਕਰਕੇ ਗੁਰਬਾਣੀ ਵਿੱਚ ਮਨੁੱਖ ਨੂੰ ਤਾਕੀਦ ਕੀਤੀ ਗਈ ਹੈ ਕਿ ਉਹ ਪਰਮੇਸ਼ਰ ਦੇ ਗੁਣ ਗਾਇਨ ਕਰੇ। ਹਰੀ ਦਾ ਜਸ ਕਰਨ ਨਾਲ ਹੀ ਅਸਲ ਲਾਭ ਪ੍ਰਾਪਤ ਹੁੰਦਾ ਹੈ ਇਸ ਨਾਲ ਹੀ ਪਰਮੇਸ਼ਰ ਖੁਸ਼ ਹੁੰਦਾ ਹੈ:

*ਭਾਈ ਰੇ ਰਾਮ ਕਹੁ*

*ਚਿਤਿ ਲਾਇ॥*
*ਹਰਿ ਜਸੁ ਵਖਰੁ ਲੈ ਚਲਹੁ*
*ਸਹੁ ਦੇਖੈ ਪਤਿਆਇ॥*

(ਸਿਰੀ ਰਾਗ ਮਹਲਾ ੧, ਪੰਨਾ 22)

ਗੁਰੂ ਅਮਰ ਦਾਸ ਜੀ ਨੇ ਆਪਣੀ ਪ੍ਰਸਿੱਧ ਬਾਣੀ ਅਨੰਦ ਸਾਹਿਬ ਵਿੱਚ ਗੁਰਬਾਣੀ ਗਾਉਣ ਲਈ ਆਦੇਸ਼ ਦਿੱਤੇ ਹਨ:

*ਆਵਹੁ ਸਿਖ ਸਤਿਗੁਰੂ ਕੇ ਪਿਆਰਿਹ*
*ਗਾਵਹੁ ਸਚੀ ਬਾਣੀ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 920)

*ਗੁਰਬਾਣੀ ਗਾਵਹ ਭਾਈ॥*
*ਓਹ ਸਫਲ ਸਦਾ ਸੁਖਦਾਈ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 629)

*ਗੁਣ ਗੋਬਿੰਦ ਗਾਵਹੁ ਸਭਿ ਹਰਿ ਜਨਿ*
*ਰਾਗ ਰਤਨ ਰਸਨਾ ਅਲਾਪ॥*

(ਗੁਰੂ ਗ੍ਰੰਥ ਸਾਹਿਬ, ਪੰਨਾ 821)

ਸਿੱਖ ਦੇ ਨਿਤਨੇਮ ਵਿੱਚ ਗੁਰਬਾਣੀ ਗਾਇਨ ਨੂੰ ਸ਼ਾਮਿਲ ਕੀਤਾ ਹੈ:

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*

————————————

*ਫਿਰ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮ ਧਿਆਵੈ॥*

(ਗੁਰੂ ਗ੍ਰੰਥ ਸਾਹਿਬ, ਪੰਨਾ 305)

*ਸਾਧੋ ਗੋਬਿੰਦ ਕੇ ਗੁਨ ਗਾਵਉ॥*
*ਮਾਨਸ ਜਨਮੁ ਅਮੋਲਕ ਪਾਇਓ*
*ਬਿਰਥਾ ਕਾਹਿ ਗਵਾਵਉ॥*

(ਸ੍ਰੀ ਗੁਰੂ ਗ੍ਰੰਥ ਸਾਹਿਬ,. ਪੰਨਾ 247)

ਭਾਵ ਹੇ ਸਾਧੂ ਜਨੋਂ ਹੋਰ ਜਤਨਾਂ ਵਿੱਚ ਆਪਣਾ ਬਹੁਮੁੱਲਾ ਮਨੁੱਖਾ ਜਨਮ ਬਿਰਥਾ ਨਾ ਗਵਾਓ। ਹਰੀ ਦੇ ਗੁਣ ਗਾ ਕੇ ਇਸ ਨੂੰ ਸਫਲ ਕਰੋ।

ਜਿਥੇ ਵੀ ਕੋਈ ਗੁਰੂ ਸਾਹਿਬ ਦਾ ਸਿੱਖ ਬਣਦਾ ਗੁਰੂ ਸਾਹਿਬ ਉਸ ਨੂੰ ਧਰਮਸਾਲਾ ਕਾਇਮ ਕਰਨ ਲਈ ਕਹਿੰਦੇ। ਇਹਨਾਂ ਧਰਮਸਾਨਾਂ ਵਿੱਚ ਕੀਰਤਨ ਪ੍ਰਮੁਖ ਕਰਮ ਹੁੰਦਾ ਸੀ।

ਭਾਈ ਗੁਰਦਾਸ ਜੀ ਦਾ ਕਥਨ ਹੈ:

*ਘਰਿ ਘਰਿ ਅੰਦਰ ਧਰਮਸਾਲ ਹੋਵੇ*
*ਕੀਰਤਨ ਸਦਾ ਵਿਸ ਆ॥*

(ਵਾਰ 1, ਪਉੜੀ 27)

ਸਿੱਖ ਇਤਿਹਾਸ ਤੋਂ ਪ੍ਰਗਟ ਹੁੰਦਾ ਹੈ ਕਿ ਉਦਾਸੀਆਂ ਉਪਰਾਂਤ ਜਦੋਂ ਸ੍ਰੀ ਗੁਰੂ ਨਾਨਕ ਸਾਹਿਬ ਨੇ ਕਰਤਾਰ ਪੁਰ ਵਿਖੇ ਸਿੱਖ ਧਰਮਸਾਲ (ਗੁਰਦੁਆਰਾ) ਦੇ ਸੰਸਸਥਾਗਤ ਪ੍ਰਚਲਨ ਲਈ ਵਾਸ ਕੀਤਾ ਤਾਂ ਕੀਰਤਨ ਕਰਨ ਦੀ ਗੁਰ ਮਰਯਾਦਾ ਨੂੰ ਵਿਸ਼ੇਸ਼ ਰੂਪ ਵਿੱਚ ਅਪਨਾਇਆ। ਭਾਈ ਗੁਰਦਾਸ ਜੀ ਅਨੁਸਾਰ:

*ਫਿਰਿ ਬਾਬਾ ਆਇਆ ਕਰਤਾਰ ਪੁਰਿ*
*ਭੇਖ ਉਦਾਸੀ ਸਗਲ ਉਤਾਰਾ॥*

————————————

*ਗਿਆਨ ਗੋਸਟਿ ਚਰਚਾ ਸਦਾ*
*ਅਨਹਦਿ ਸਬਦਿ ਧਿਛੇ ਧੁਨਕਾਰਾ ॥*
*ਸੋਦਰੁ ਆਰਤੀ ਗਾਵੀਐ*
*ਅੰਮ੍ਰਿਤ ਵੇਲੇ ਜਪ ਉਚਾਰਾ॥*

(ਭਾਈ ਗੁਰਦਾਸ, ਵਾਰ 1, ਪਉੜੀ 38)

ਜਿਵੇਂ ਕਿ ਪਿਛੇ ਦੱਸਿਆ ਜਾ ਚੁਕਾ ਹੈ ਕਿ ਗੁਰਬਾਣੀ ਨੂੰ ਰਾਗਾਂ ਵਿੱਚ ਗਾਇਨ ਕਰਨ ਦਾ ਨਾਮ ਕੀਰਤਨ ਹੈ। ਗੁਰੂ ਸਾਹਿਬਾਨ ਰਾਗ ਪ੍ਰਭਾਵ ਤੋਂ ਜਾਣੂ ਸਨ ਇਸ ਲਈ ਉਹੋ ਰਾਗਾਂ ਦੀ ਵਰਤੋਂ ਬਾਰੇ ਬਹੁਤ ਸੁਚੇਤ ਸਨ। ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਬਹੁਤੀਆਂ ਰਚਨਾਵਾਂ ਉਪਰ ਜਿਥੇ ਕਾਵਿ ਰੂਪ ਨਾਲ ਸੰਬੰਧਤ ਸਿਰਲੇਖ ਦਿੱਤਾ ਉਥੇ ਉਹਨਾਂ ਨੂੰ ਗਾਉਣ ਲਈ 'ਰਾਗ' ਵੀ ਨਿਸ਼ਚਿਤ ਕੀਤਾ ਹੈ। ਸੰਗੀਤ ਦੀ ਕਿਰਤ ਰਾਗ ਹੈ। ਰਾਗ ਬਾਰੇ ਅਸੀਂ ਪਹਿਲਾਂ ਦੱਸ ਚੁੱਕੇ ਹਾਂ ਕਿ ਖਾਸ ਤਰ੍ਹਾਂ ਦੇ ਅਨੁਭਵਾਂ ਨੂੰ ਖਾਸ ਤਰ੍ਹਾਂ ਦੇ ਰਾਗ ਹੀ ਪ੍ਰਗਟ ਕਰ ਸਕਦੇ ਹਨ। ਪਰ ਹਰ ਰਾਗ ਸਰੋਤਿਆਂ ਉਪਰ ਵੀ ਆਪਣਾ ਵਿਸ਼ੇਸ਼ ਪ੍ਰਭਾਵ ਪਾਉਂਦਾ ਹੈ।

ਰਾਗ ਦਾ ਅਰਥ ਹੀ ਮਨੁੱਖੀ ਮਨ ਨੂੰ ਖਾਸ ਤਰ੍ਹਾਂ ਦੀਆਂ ਭਾਵਨਾਵਾਂ ਵਿਚ ਰੰਗਣ ਵਾਲਾ ਹੈ।17 ਹਰ ਰਾਗ ਦੀ ਸਿਰਜਣਾ ਵਿਸ਼ੇਸ਼ ਸੁਰਾਂ ਦੇ ਸੰਜੋਗ ਨਾਲ ਹੁੰਦੀ ਹੈ ਇਸ ਲਈ ਹਰ ਇਕ ਰਾਗ ਵਿਸ਼ੇਸ਼ ਭਾਵਾਂ

ਨਾਲ ਸੰਬੰਧਤ ਹੁੰਦਾ ਹੈ। ਜਿਵੇਂ ਆਮ ਬੋਲ ਚਾਲ ਵਿਚ ਸਾਡੇ ਉਚਾਰਨ ਦੇ ਢੰਗਾਂ ਨਾਲ ਵੱਖ ਵੱਖ ਭਾਵ ਪ੍ਰਗਟ ਹੁੰਦੇ ਹਨ ਅਰਥਾਤ ਬਹੁਤਾ ਜ਼ੋਰ ਨਾਲ ਬੋਲਣ ਨਾਲ ਲੜਨ, ਝਗੜਨ, ਬਹੁਤੀ ਖੁਸ਼ੀ ਅਤੇ ਚੰਚਲਤਾ ਦਾ ਭਾਵ ਪ੍ਰਗਟ ਹੁੰਦਾ ਹੈ। ਹੋਲੀ ਬੋਲਣ ਨਾਲ ਅਧੀਨਗੀ, ਮਧੁਰਤਾ, ਧੀਰਜ, ਸ਼ਾਂਤੀ ਆਦਿ ਦੇ ਭਾਵਾਂ ਦਾ ਪ੍ਰਗਟਾਵਾ ਹੁੰਦਾ ਹੈ। ਇਸੇ ਤਰ੍ਹਾਂ ਵੱਖ ਵੱਖ ਸੁਰਾਂ ਦੇ ਪ੍ਰਯੋਗ ਨਾਲ ਵੱਖ ਵੱਖ ਭਾਵ ਪ੍ਰਗਟ ਹੁੰਦੇ ਹਨ। 18 ਸੰਗੀਤ ਆਚਾਰੀਆਂ ਨੇ ਹਰ ਰਾਗ ਦਾ ਇਕ ਰਸ ਮੰਨਿਆ ਹੈ। ਭਾਵੇਂ ਵੱਖ ਵੱਖ ਰਾਗਾਂ ਬਾਰੇ ਰਸਾਂ ਸੰਬੰਧੀ ਅਸਪਸ਼ਟਤਾ ਹੈ ਪਰ ਫਿਰ ਵੀ ਸਾਧਾਰਨ ਤੌਰ ਤੇ ਸੰਗੀਤ ਵਿਚ ਤਿੰਨ ਚਾਰ ਰਸਾਂ ਦੀ ਹੀ ਪ੍ਰਧਾਨਤਾ ਮੰਨੀ ਜਾਂਦੀ ਹੈ ਸ਼ਿੰਗਾਰ, ਸ਼ਾਂਤ, ਕਰੁਣ, ਵੀਰ ਆਦਿ। ਹਰ ਰਾਗ ਦੇ ਵਾਤਾਵਰਣ ਵਿਚ ਇਕ ਨਿੱਜੀ ਰਸ ਹੁੰਦਾ ਹੈ ਜਿਸਦਾ ਸਾਡੇ ਹਿਰਦੇ 'ਤੇ ਪ੍ਰਭਾਵ ਪੈਂਦਾ ਹੈ।19

ਪੁਰਾਤਨ ਸੰਗੀਤ ਅਚਾਰੀਆਂ ਨੇ ਰਾਗਾਂ ਦੇ ਅਨੁਕੂਲ ਕਈ ਰਾਗਾਂ ਦਾ ਮਾਨਵੀਕਰਣ ਕਰਦਿਆਂ ਉਨ੍ਹਾਂ ਦੇ ਚਿਤਰ ਬਣਾਏ ਹਨ ਅਤੇ ਉਨ੍ਹਾਂ ਦਾ ਸਰੂਪ ਵੀ ਵਰਣਨ ਕੀਤਾ ਗਿਆ ਹੈ। ਇਸ ਸਰੂਪ ਨੂੰ ਧਿਆਨ ਕਿਹਾ ਜਾਂਦਾ ਹੈ। ਸੰਗੀਤ ਸ਼ਾਸਤਰੀਆਂ ਅਨੁਸਾਰ ਜਿਹੜਾ ਗਾਇਕ ਰਾਗ ਦਾ ਧਿਆਨ ਮਨ ਵਿੱਚ ਵਸਾਏ ਬਿਨਾਂ ਉਸ ਦਾ ਗਾਇਨ ਕਰਦਾ ਹੈ ਉਸ ਨੂੰ ਮਨਇਛਤ ਫਲ ਦੀ ਪ੍ਰਾਪਤੀ ਨਹੀਂ ਹੁੰਦੀ। ਸਪਸ਼ਟ ਹੈ ਕਿ ਜਿਹੜਾ ਗਾਇਕ ਰਾਗ ਦੇ ਭਾਵ ਸੰਬੰਧੀ ਉਸ ਦੀ ਖਾਸ ਸ਼ਖਸੀਅਤ ਤੋਂ ਵਾਕਫ ਨਹੀਂ ਹੋਵੇਗਾ। ਉਸਦੇ ਰੂਪ ਨੂੰ ਠੀਕ ਪੇਸ਼ ਨਹੀਂ ਕਰ ਸਕੇਗਾ ਤੇ ਸਰੋਤਿਆਂ ਨੂੰ ਅਨੰਦ ਨਹੀਂ ਆਵੇਗਾ।20

ਗੁਰੂ ਨਾਨਕ ਦੇਵ ਜੀ ਦੇ ਵੇਲੇ ਦੇ ਰਾਗਾਂ ਦੇ ਬਹੁਤੇ ਭਾਵ ਚਿਤਰ ਜਾਂ ਧਿਆਨ ਸ਼ਿੰਗਾਰ ਰਸੀ ਭਾਵਾਂ ਦੀ ਅਨੁਭੂਤੀ ਕਰਾਉਂਦੇ ਸਨ ਕਿਉਂਕਿ ਬਹੁਤੇ ਸੰਗੀਤਕਾਰ ਰਾਜਿਆਂ ਮਹਾਰਾਜਿਆਂ ਦੇ ਆਸਰੇ ਤੇ ਰਹਿੰਦੇ ਸਨ ਇਸ ਲਈ ਉਨ੍ਹਾਂ ਦਾ ਮੁੱਖ ਮੰਤਵ ਆਪਣੇ ਦਾਤਿਆਂ ਦੀਆਂ ਵਿਲਾਸੀ ਰੁਚੀਆਂ ਨੂੰ ਤ੍ਰਿਪਤ ਕਰਨਾ ਸੀ। ਪਰ ਗੁਰੂ ਸਾਹਿਬ ਦੇ ਸਰੋਤੇ ਨਾ ਤਾਂ ਰਾਜੇ ਮਹਾਰਾਜੇ ਸਨ ਅਤੇ ਨਾ ਹੀ ਉਹ ਰਾਗਾਂ ਰਾਹੀਂ ਆਪਣੇ ਸਰੋਤਿਆਂ ਨੂੰ ਕੇਵਲ ਆਨੰਦ ਦੇਣਾ ਚਾਹੁੰਦੇ ਸਨ। ਉਹ ਤਾਂ ਆਮ ਵਿੱਚ ਕਲਿਆਣਕਾਰੀ ਭਾਵਨਾਵਾਂ ਦਾ ਸੰਚਾਰ ਕਰਨਾ ਲੋੜਦੇ ਸਨ। ਇਸ ਲਈ ਉਨ੍ਹਾਂ ਨੇ ਰਾਗਾਂ ਨੂੰ ਵਿਲਾਸੀ ਵਾਤਾਵਰਣ ਨਾਲੋਂ ਮੁਕਤ ਕਰਕੇ ਉਨ੍ਹਾਂ ਦਾ ਪ੍ਰਯੋਗ ਕੀਤਾ ਅਤੇ ਇਸ ਸੰਬੰਧ ਵਿਚ ਗੁਰੂ ਨਾਨਕ ਦੇਵ ਜੀ ਅਤੇ ਹੋਰ ਗੁਰੂ ਸਾਹਿਬਾਨ ਵੱਲੋਂ ਸਪਸ਼ਟ ਨਿਰਦੇਸ਼ ਵੀ ਦਿੱਤੇ। ਕੁਝ ਰਾਗਾਂ ਦਾ ਤੁਲਨਾਮਿਕ ਅਧਿਐਨ ਕਰਨਾ ਅਣਉਚਿਤ ਨਹੀਂ ਹੋਵੇਗਾ :-

**ਸਿਰੀ ਰਾਗ**

ਇਸ ਰਾਗ ਦਾ ਭਾਵ ਚਿਤਰ ਬਿਆਨ ਕਰਦਿਆਂ ਸੰਗੀਤ ਦਰਪਣ21 ਵਿਚ ਦੱਸਿਆ ਗਿਆ ਹੈ, "ਜਿਸ ਦੀ ਉਮਰ ਅਠਾਰਾਂ ਸਾਲਾਂ ਦੀ ਹੈ। ਕਾਮਦੇਵ ਵਰਗੀ ਜਿਸਦੀ ਸੂਰਤ ਹੈ ਜੋ ਧੀਰ ਅਤੇ ਜਿਸਨੇ ਕੋਮਲ ਫੁੱਲਾਂ ਦੇ ਗਹਿਣੇ ਪਾਏ ਹੋਏ ਹਨ। ਪਰ ਗੁਰੂ ਕਾਵਿ ਵਿਚ ਇਸ ਰਾਗ ਬਾਰੇ ਆਦੇਸ਼ ਦਿੱਤਾ ਹੈ :

***ਰਾਗਾਂ ਵਿਚਿ ਸ੍ਰੀ ਰਾਗ***
***ਜੇ ਸਚਿ ਧਰੇ ਪਿਆਰੁ॥***
***ਸਦਾ ਹਰਿ ਸਚੁ ਮਨਿ ਵਸੈ***
***ਨਿਹਚਲ ਮਤਿ ਅਪਾਰੁ॥***

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 83)

**ਰਾਗ ਗਉੜੀ**

ਇਸ ਰਾਗ ਬਾਰੇ ਰਾਗ ਵਿਬੋਧ22 ਵਿਚ ਦੱਸਿਆ ਹੈ ਕਿ ਇਹ ਗੋਰੇ ਰੰਗ ਵਾਲੀ ਅਤੇ ਕਮਲ ਵਰਗੀਆਂ ਅੱਖਾਂ ਵਾਲੀ ਹੈ। ਇਸ ਨੇ ਦੁੱਧ ਦੇ ਸਮੁੰਦਰ ਵਰਗੇ ਸਫੈਦ ਬਸਤਰ ਪਾਏ ਹੋਏ ਹਨ। ਇਸ ਦੀ ਸੁਭਾਵਕ ਸੁੰਦਰ ਹਾਸੀ ਹੈ ਅਤੇ ਲੰਮੀਆਂ ਲੰਮੀਆਂ ਬਾਹਵਾਂ...। ਪਰ ਗੁਰੂ ਸਾਹਿਬ ਨੇ ਇਸ ਰਾਗ ਬਾਰੇ ਉਚਾਰਿਆ ਹੈ:-

***ਗਉੜੀ ਰਾਗਿ ਸੁਲਖਣੀ***
***ਜੇ ਖਸਮੈ ਚਿਤਿ ਕਰੇਇ॥***
***ਭਾਣੈ ਚਲੈ ਸਤਿਗੁਰੂ ਕੈ***
***ਐਸਾ ਸੀਗਾਰੁ ਕਰੇਇ॥***

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 311)

**ਰਾਗ ਗੂਜਰੀ**

ਇਸ ਰਾਗ ਨੂੰ ਨਾਇਕਾ ਦਸਦਿਆਂ ਕਿਹਾ ਹੈ ਕਿ

ਇਸ ਨੇ ਬਾਰਾਂ ਰੰਗਾਂ ਦੇ ਬਸਤਰ ਧਾਰਨ ਕੀਤੇ ਹੋਏ ਹਨ। ਪੀਲੇ ਰੰਗ ਦੀ ਚੋਲੀ ਅਤੇ ਸੁਨਹਿਰੀ ਬੂਟੀਦਾਰ ਸੁਰੰਗੀ ਸਾੜ੍ਹੀ ਪਹਿਨੀ ਹੋਈ ਹੈ। ਸਜੇ ਹੋਏ ਪਲੰਘ ਤੇ ਇਕੱਲੀ ਬੈਠੀ ਬੇਹਾਲ ਵੀਣਾ-ਵਾਦਨ ਕਰ ਰਹੀ ਹੈ। ਇਹ ਪਰਮ ਸੁੰਦਰੀ ਅਤਿਅੰਤ ਪਤਲੀ ਕਮਰ ਵਾਲੀ ਯੋਵਨ ਰਸ ਨਾਲ ਭਰਪੂਰ, ਕੋਇਲ ਵਾਂਗ ਮਿਠ-ਬੋਲੜੀ ਤਾਲ ਨਾਲ ਗਾਉਣ ਵਿਚ ਪ੍ਰਵੀਨ ਹੈ।23 ਪਰ ਗੁਰੂ ਜੀ ਨੇ ਇਸ ਰਾਗ ਬਾਰੇ ਲਿਖਿਆ ਹੈ :

*ਗੂਜਰੀ ਜਾਤਿ ਗਵਾਰਿ*
*ਜਾ ਸਹੁ ਪਾਏ ਆਪਣਾ॥*
*ਗੁਰ ਕੈ ਸਬਦਿ ਵੀਚਾਰਿ*
*ਅਨਦਿਨੁ ਹਰਿ ਜਪੁ ਜਾਪਣਾ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 516)

**ਸੋਰਠ ਰਾਗ**

ਇਸ ਨੂੰ ਰਾਗਣੀ ਦਸਦਿਆਂ ਸੰਗੀਤ ਦਰਪਣ24 ਵਿਚ ਲਿਖਿਆ ਹੈ ਜਿਸ ਨੇ ਉਚੇ ਅਤੇ ਪੁਸ਼ਟ ਸਤਨਾ ਤੇ ਸੁੰਦਰ ਹਾਰ ਪਹਿਨੇ ਹੋਏ ਹਨ ਅਤੇ ਜਿਸਦਾ ਚਿਤ, ਕੰਨ ਵਿਚ ਪਾਏ ਹੋਏ ਕੋਂਪਲ ਦੇ ਆਸ ਪਾਸ ਗੂੰਜਣ ਵਾਲੇ ਭਉਰੇ ਦੀ ਆਵਾਜ਼ ਤੋਂ ਉਚਾਟ ਹੋ ਰਿਹਾ ਹੈ। ਜਿਸਦੀ ਬਾਂਹ ਸ਼ਿਥਿਲ ਹੋ ਗਈ ਹੈ ਅਤੇ ਜਿਹੜੀ ਆਪਣੇ ਪ੍ਰੀਤਮ ਕੋਲ ਜਾ ਰਹੀ ਹੈ।

ਪਰ ਗੁਰੂ ਸਾਹਿਬਾਨ ਨੇ ਰਾਗ ਸੋਰਠ ਰਾਹੀਂ ਨਾਮ ਦਾ ਰਸ ਪੀਣ ਦੀ ਗੱਲ ਕੀਤੀ ਹੈ :

*ਸੋਰਠਿ ਸੋ ਰਸੁ ਪੀਜੀਐ*
*ਕਬਹੂ ਨ ਫੀਕਾ ਹੋਇ॥*
*ਨਾਨਕ ਰਾਮ ਨਾਮ ਗੁਨ ਗਾਈਅਹਿ*
*ਦਰਗਹ ਨਿਰਮਲ ਸੋਇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1425)

**ਰਾਗ ਧਨਾਸਰੀ**

ਰਾਗ ਵਿਬੋਧ25 ਵਿਚ ਇਸ ਰਾਗ ਦੇ ਸਰੂਪ ਦਾ ਜਿਹੜਾ ਬਿਆਨ ਕੀਤਾ ਗਿਆ ਹੈ ਉਹ ਇਤਨਾ ਸ਼ਿੰਗਾਰਕ ਹੈ ਕਿ ਕਈ ਥਾਵਾਂ ਤੇ ਉਹ ਅਸ਼ਲੀਲ ਵੀ ਹੋ ਜਾਂਦਾ ਹੈ।

ਪਰ ਗੁਰੂ ਸਾਹਿਬਾਨ ਨੇ ਇਸ ਰਾਗ ਦਾ ਪ੍ਰਯੋਜਨ 'ਸਤਿਗੁਰ ਕੀ ਕਾਰ' ਨਾਲ ਸੰਬੰਧਤ ਕਰ ਦਿੱਤਾ ਹੈ :

*ਧਨਾਸਰੀ ਧਨਵੰਤੀ ਜਾਣੀਐ*
*ਭਾਈ ਜਾਂ ਸਤਿਗੁਰ ਕੀ ਕਾਰ ਕਮਾਇ॥*
*ਤਨ ਮਨੁ ਸਉਪੇ ਜੀਅ ਸਉ*
*ਭਾਈ ਲਏ ਹੁਕਮਿ ਫਿਰਾਉ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1419)

**ਰਾਗ ਬਿਲਾਵਲ**

ਸੰਗੀਤ ਦਰਪਣ26 ਵਿਚ ਇਸ ਨੂੰ ਰਾਗਣੀ ਦੱਸਿਆ ਹੈ ਅਤੇ ਇਸ ਬਾਰੇ ਲਿਖਿਆ ਹੈ, "ਆਪਣੇ ਪ੍ਰੀਤਮ ਨੂੰ ਮਿਲਣ ਲਈ ਨਿਸ਼ਚਤ ਸਥਾਨ ਨੂੰ ਜਿਸ ਨੇ ਆਪਣੇ ਮਨ ਵਿਚ ਧਾਰਨ ਕੀਤਾ ਹੋਇਆ ਹੈ। ਜਿਸ ਨੇ ਆਪਣੇ ਸਰੀਰ ਤੇ ਕਈ ਤਰ੍ਹਾਂ ਦੇ ਗਹਿਣੇ ਸਜਾਏ ਹੋਏ ਹਨ ਅਤੇ ਜਿਹੜੀ ਬਾਰ ਬਾਰ ਆਪਣੇ ਇਸ਼ਟ ਕਾਮਦੇਵ ਦਾ ਧਿਆਨ ਧਰਦੀ ਹੈ। ਜਿਸ ਦਾ ਰੰਗ ਕਮਲ ਵਾਂਗੂ ਹੈ।"

ਪਰ ਗੁਰੂ ਸਾਹਿਬਾਨ ਨੇ ਇਸ ਰਾਗ ਨੂੰ ਗੁਰੂ ਦੇ ਉਪਦੇਸ਼ ਲਈ ਪ੍ਰਯੋਗ ਕੀਤਾ ਹੈ :

*ਹਰਿ ਉਤਮੁ ਹਰਿ ਪ੍ਰਭੁ ਗਾਵਿਆ*
*ਕਰਿ ਨਾਦੁ ਬਿਲਾਵਲੁ ਰਾਗੁ॥*
*ਉਪਦੇਸੁ ਗੁਰੂ ਸੁਣਿ ਮੰਨਿਆ*
*ਧੁਰਿ ਮਸਤਕਿ ਪੂਰਾ ਭਾਗੁ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 849)

**ਰਾਗ ਰਾਮਕਲੀ**

ਚਿਤਰਕਾਰਾਂ ਨੇ ਇਸ ਰਾਗਨੀ ਦਾ ਚਿਤਰ ਇਸ ਤਰ੍ਹਾਂ ਬਣਾਇਆ ਹੈ-ਕੇਸਰੀ ਪੁਸ਼ਾਕ ਧਾਰਨ ਕਰਕੇ ਇਹ ਨਾਇਕਾ ਆਪਣੇ ਪ੍ਰੀਤਮ ਦੇ ਸਾਹਮਣੇ ਸੇਜ ਤੇ ਬੈਠੀ ਹੈ.....।27

ਪਰ ਗੁਰੂ ਸਾਹਿਬਾਨ ਨੇ ਇਸ ਰਾਗ ਬਾਰੇ ਉਚਾਰਿਆ ਹੈ:

*ਰਾਮਕਲੀ ਰਾਮੁ ਮਨਿ ਵਸਿਆ*
*ਤਾ ਬਨਿਆ ਸੀਗਾਰੁ॥*
*ਗੁਰ ਕੈ ਸਬਦਿ ਕਮਲੁ ਬਿਗਸਿਆ*
*ਤਾ ਸਉਪਿਆ ਭਗਤਿ ਭੰਡਾਰ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 150)

ਇਸ ਤਰ੍ਹਾਂ ਕਈ ਹੋਰ ਰਾਗਾਂ ਦੇ ਵਰਣਨ ਦਾ ਤੁਲਨਾਤਮਕ ਅਧਿਐਨ ਕਰਨ ਤੋਂ ਪਤਾ ਲੱਗਦਾ ਹੈ

ਕਿ ਗੁਰੂ ਕਵੀਆਂ ਨੇ ਰਾਗਾਂ ਦਾ ਪ੍ਰਯੋਗ ਆਪਣੇ ਪ੍ਰਯੋਜਨ ਲਈ ਵਿਸ਼ੇਸ਼ ਢੰਗ ਨਾਲ ਕੀਤਾ ਹੈ। ਉਹਨਾਂ ਸਭ ਰਾਗਾਂ ਬਾਰੇ ਦੱਸਿਆ ਹੈ:

*ਸਭਨਾ ਰਾਗਾਂ ਵਿਚਿ ਸੋ ਭਲਾ ਭਾਈ*
*ਜਿਤੁ ਵਸਿਆ ਮਨਿ ਆਇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 423)

ਉਹਨਾਂ ਨੇ ਉਹ ਰਾਗ ਧੰਨ ਕਹੇ ਹਨ ਜਿਹੜੇ ਮਨੁੱਖ ਦੀਆਂ ਤ੍ਰਿਸ਼ਨਾਵਾਂ ਨੂੰ ਸ਼ਾਂਤ ਕਰਨ ਵਿਚ ਸਹਾਇਕ ਹਨ।

*ਧੰਨ ਸੁ ਰਾਗ ਸੁਰੰਗੜੇ*
*ਆਲਾਪਤ ਸਭ ਤਿਖ ਜਾਇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 958)

ਜਿਵੇਂ ਕਿ ਅਸੀਂ ਦੱਸਿਆ ਕਿ ਗੁਰੂ ਨਾਨਕ ਦੇਵ ਜੀ ਦਾ ਮੰਤਵ ਆਮ ਸਰੋਤਿਆਂ ਤਕ ਆਪਣੇ ਵਿਚਾਰ ਪੁਹੰਚਾਉਣ ਦਾ ਸੀ ਨਾ ਕਿ ਉਸ ਵੇਲੇ ਦੀਆਂ ਸ਼ਾਹੀ ਮਹਿਫਲਾਂ ਦੇ ਸੰਗੀਤਕਾਰਾਂ ਵਾਂਗ ਚਮਤਕਾਰ ਵਿਖਾ ਕੇ ਆਪਣੀ ਕਲਾ ਦਾ ਰੋਹਬ ਪਾਉਣ ਦਾ। ਇਸ ਲਈ ਉਹਨਾਂ ਨੇ ਆਪਣੀ ਬਾਣੀ ਨੂੰ ਬਿਖੜੇ ਤਾਲਾਂ ਦੀ ਥਾਂ ਤੇ ਸਧਾਰਨ ਧੁਨਾਂ ਤੇ ਗਾਉਣ ਲਈ ਨੀਯਤ ਕੀਤਾ। ਉਸ ਵੇਲੇ ਦੇ ਬਾਕੀ ਭਗਤ ਕਵੀ ਵੀ ਇਸੇ ਪਧਤੀ ਅਨੁਸਾਰ ਕਾਵਿ ਰਚਨਾ ਕਰ ਅਤੇ ਸੁਣਾ ਰਹੇ ਸਨ। ਅਚਾਰਿਆ ਬ੍ਰਹਸਪਤੀ28 ਨੇ ਠੀਕ ਹੀ ਲਿਖਿਆ ਹੈ, ਜਿਨ੍ਹਾਂ ਕਵੀਆਂ ਦਾ ਮੰਤਵ ਆਪਣੇ ਅਨੁਭਵ ਨੂੰ ਜਿਵੇਂ ਤਿਵੇਂ ਪ੍ਰਗਟ ਕਰਕੇ ਸੁਹਿਰਦਾਂ ਨੂੰ ਉਸਦਾ ਅਨੁਭਵ ਕਰਾ ਦੇਣਾ ਹੁੰਦਾ ਹੈ, ਉਨ੍ਹਾਂ ਵਿਚ ਬਾਲਮੀਕ, ਕਾਲੀਦਾਸ, ਤੁਲਸੀ ਅਤੇ ਸੂਰ ਦਾਸ ਆਉਂਦੇ ਹਨ; ਗਾਇਕ ਦਾ ਪ੍ਰਯੋਜਨ ਵੀ ਠੀਕ ਇਹ ਹੋਣਾ ਚਾਹੀਦਾ ਹੈ।

ਜਿਹੜੇ ਕਵੀ 'ਭਾਵ' ਦੀ ਚਿੰਤਾ ਨਾ ਕਰਕੇ ਅਨੁਪ੍ਰਾਸ ਜਾਂ ਉਪਮਾ-ਰੂਪਕ ਨੂੰ ਹੀ ਆਪਣਾ ਲਕਸ਼ ਮੰਨ ਬਹਿੰਦੇ ਹਨ ਉਨ੍ਹਾਂ ਦੀ ਗਿਣਤੀ ਮਹਾਂ ਕਵੀਆਂ ਵਿਚ ਕਦੀ ਨਹੀਂ ਹੁੰਦੀ, ਉਹ ਲੋਕ ਹਿਰਦੇ ਦੇ ਪ੍ਰਤੀਨਿਧ ਕਦੀ ਨਹੀਂ ਹੁੰਦੇ। ਇਸੇ ਤਰ੍ਹਾਂ ਜਿਹੜੇ ਗਾਇਕ ਤਾਨਾਂ ਪਲਟਿਆਂ, ਅਲੰਕਾਰ ਜਾ ਲੈਅਕਾਰੀ ਦੇ ਚੱਕਰ ਵਿਚ ਪਏ ਰਹਿੰਦੇ ਹਨ ਉਹ ਆਪਣੇ ਅਭਿਆਸ ਨਾਲ ਸਰੋਤਿਆਂ ਨੂੰ ਚੱਕਰ ਵਿਚ ਭਾਵੇਂ ਪਾ ਲੈਣ ਪਰ ਆਨੰਦਤ ਨਹੀਂ ਕਰ ਸਕਦੇ।

ਗੁਰੂ ਸਾਹਿਬ ਦਾ ਮੰਤਵ ਸਰੋਤਿਆਂ ਨੂੰ ਚਕਰ ਵਿਚ ਪਾਉਣਾ ਨਹੀਂ ਸੀ ਅਤੇ ਨਾ ਹੀ ਉਹ ਆਪਣੀ ਬਾਣੀ ਦਾ ਇਸ ਲਈ ਪ੍ਰਯੋਗ ਕੀਤੇ ਜਾਣ ਦੇ ਹੱਕ ਵਿਚ ਸਨ। ਉਹ ਤਾਂ ਸਹਿਜ ਨਾਲ ਗੁਣ ਗਾਇਨ ਕਰਨ ਦੇ ਹਾਮੀ ਸਨ:

*ਜਿਉ ਭਾਵੈ ਤਿਉ ਰਾਖੁ ਰਜਾਇ॥*
*ਨਾਨਕ ਸਹਜਿ ਭਾਇ ਗੁਣ ਗਾਇ॥*

(ਗੁਰੂ ਗ੍ਰੰਥ ਸਾਹਿਬ, ਪੰਨਾ 686)

ਗੁਰੂ ਅਮਰ ਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਸਹਿਜ ਨਾਲ ਗਾਇਨ ਕਰਨ ਵਾਲੀ ਭਾਵਨਾ ਨੂੰ ਆਪਣੀ ਬਾਣੀ ਇੰਜ ਵਿੱਚ ਪ੍ਰਗਟ ਕੀਤਾ ਹੈ:

*ਸਹਜੇ ਗਾਵਿਆ ਥਾਇ ਪਵੈ*
*ਬਿਨੁ ਸਹਜੈ ਕਥਨੀ ਬਾਦੁ॥*

(ਗੁਰੂ ਗ੍ਰੰਥ ਸਾਹਿਬ, ਪੰਨਾ 68)

*ਅੰਤਰੁ ਨਿਰਮਲੁ ਨਿਰਮਲੁ ਬਾਣੀ*
*ਹਰਿ ਗੁਣ ਸਹਜੇ ਗਾਵਣਿਆ॥*

(ਗੁਰੂ ਗ੍ਰੰਥ ਸਾਹਿਬ , ਪੰਨਾ 114)

*ਮਨੁ ਸਦਾ ਹਰੀਆਵਲਾ*
*ਸਹਜੇ ਹਰਿ ਗੁਣ ਗਾਇ॥*

(ਗੁਰੂ ਗ੍ਰੰਥ ਸਾਹਿਬ, ਪੰਨਾ 428)

ਗੁਰੂ ਸਾਹਿਬ ਚਾਹੁੰਦੇ ਸਨ ਕਿ ਸ਼ਬਦ ਰਾਗ ਦੀ ਐਸੀ ਤਰਜ਼ ਵਿਚ ਗਾਂਵਿਆ ਜਾਵੇ ਕਿ ਜਿਸ ਤਰਜ਼ ਵਿਚ ਸੰਗੀਤਕ ਕਾਇਦਿਆਂ ਅਨੁਸਾਰ ਉਹ ਭਾਵ ਪੈਦਾ ਕਰ ਦੇਣ ਦੀ ਰਚਨਾ ਦੇ ਅਰਥ ਭਾਵ ਵਿਚ ਤਾਸੀਰ ਹੈ ਅਰਥਾਤ ਸ਼ਬਦਾਂ ਦਾ ਅਰਥ ਭਾਵ ਤੋਂ ਧਾਰਨਾਂ ਦਾ ਸੰਗੀਤਕ ਅਸਰ ਦਿਲ ਪਰ ਇਕ ਕਿਸਮ ਦਾ ਵਲਵਲਾ ਪੈਦਾ ਕਰਨ।"29

**ਕੀਰਤਨਕਾਰ:**

ਜਿੱਥੇ ਬਾਣੀ ਦੇ ਕੀਰਤਨ ਦੀ ਇਤਨੀ ਮਹੱਤਤਾ ਦਰਸਾਈ ਹੈ ਉਥੇ ਕੀਰਤਨ ਕਰਨ ਵਾਲੇ ਦੀ ਮਹਿਮਾ ਵੀ ਕੋਈ ਘੱਟ ਬਿਆਨ ਨਹੀਂ ਕੀਤੀ ਗਈ। ਗੁਰੂ ਸਾਹਿਬਾਨ ਆਪਣੇ ਆਪ ਨੂੰ ਪਰਮੇਸਰ ਦਾ ਢਾਡੀ ਅਰਥਾਤ ਕੀਰਤਨ ਕਰਨ ਵਾਲਾ ਆਖਦੇ ਹਨ :

*ਹਉ ਢਾਢੀ ਵੇਕਾਰੁ ਕਾਰੈ ਲਾਇਆ।*

*ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥*
*ਢਾਢੀ ਸਚੈ ਮਹਲਿ ਖਸਮਿ ਬੁਲਾਇਆ॥*
*ਸਚੀ ਸਿਫਤਿ ਸਾਲਾਹ ਕਪੜਾ ਪਾਇਆ॥*
*ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ॥*
*ਗੁਰਮਤਿ ਖਾਧਾ ਰਜਿ ਤਿਨਿ ਸੁਖੁ ਪਾਇਆ॥*
*ਢਾਢੀ ਕਰੇ ਪਸਾਉ ਸਬਦੁ ਵਜਾਇਆ॥*
*ਨਾਨਕ ਸਚੁ ਸਾਲਾਹਿ ਪੂਰਾ ਪਾਇਆ॥*
(ਵਾਰ ਮਾਝ ਮਹਲਾ ੧, ਪੰਨਾ 150)

ਗੁਰੂ ਨਾਨਕ ਦੇਵ ਜੀ ਢਾਡੀ ਦੀ ਹੋਰ ਵਿਸ਼ੇਸ਼ਤਾ ਨੂੰ ਦਰਸਾਉਂਦਿਆਂ ਬਿਆਨ ਕਰਦੇ ਹਨ:

*ਸਚਾ ਸਤਿਗੁਰੁ ਸੇਵਨਿ ਸਚਾ ਮਾਰਗ ਦਸਿਆ॥*
*ਸਚਾ ਸਬਦੁ ਬੀਚਾਰਿ ਕਾਲ ਵਿਧਉਸਿਆ॥*
*ਢਾਢੀ ਕਥੇ ਅਕਥੁ ਸਬਦਿ ਸਵਾਰਿਆ॥*
(ਵਾਰ ਮਾਝ ਮਹਲਾ ੧, ਪੰਨਾ 148)

*ਖਾਲਕ ਕਉ ਆਦੇਸੁ ਢਾਢੀ ਗਾਵਣਾ॥*
*ਨਾਨਕ ਜੁਗ ਜੁਗੁ ਏਕੁ ਮੰਨਿ ਵਸਾਵਣਾ॥*
(ਵਾਰ ਮਾਝ ਮਹਲਾ ੧, ਪੰਨਾ 148)

*ਢਾਢੀ ਕਥੇ ਅਕਥੁ ਸਬਦਿ ਸਵਾਰਿਆ॥*
*ਖਾਲਕ ਕਉ ਆਦੇਸੁ ਢਾਢੀ ਗਾਵਣਾ॥*
*ਨਾਨਕ ਜੁਗ ਜੁਗੁ ਏਕੁ ਮੰਨਿ ਵਸਾਵਣਾ॥*
(ਗੁਰੂ ਗ੍ਰੰਥ ਸਾਹਿਬ ਪੰਨਾ 148)

*ਹਮ ਢਾਢੀ ਹਰਿ ਪ੍ਰਭ ਖਸਮ ਕੇ*
*ਨਿਤ ਗਾਵਹ ਹਰਿ ਗੁਣ ਛੰਤਾ॥*
*ਹਰਿ ਕੀਰਤਨੁ ਕਰਹ ਹਰਿ ਜਸੁ*
*ਸੁਣਹੁ ਤਿਸੁ ਕਵਲਾ ਕੰਤਾ।*
(ਗੁਰੂ ਗ੍ਰੰਥ ਸਾਹਿਬ ਪੰਨਾ 650)

ਕੀਰਤਨ ਕਾਰ ਦੀ ਮਹਿਮਾ ਦਾ ਗਾਇਨ ਗੁਰੂ ਗ੍ਰੰਥ ਸਾਹਿਬ ਵਿੱਚ ਅਨੇਕ ਥਾਵਾਂ ਤੇ ਹੋਇਆ ਹੈ-

*ਜੋ ਜਨੁ ਕੀਰਤਨੁ ਕਰੈ ਗੋਪਾਲ॥*
*ਤਿਸ ਕਉ ਪੋਹਿ ਨ ਸਕੈ ਜਮ ਕਾਲੁ॥*
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 867)

*ਜੋ ਜੋ ਕਥੈ ਸੁਨੈ ਹਰਿ ਕੀਰਤਨੁ*
*ਤਾਕੀ ਦੁਰਮਤਿ ਨਾਸ॥*
*ਸਗਲ ਮਨ ਰਥ ਪਾਵੈ*
*ਨਾਨਕ ਪੂਰਨ ਹੋਵੈ ਆਸੁ॥*
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1300)

*ਮਾਈ ਜੋ ਪ੍ਰਭ ਕੇ ਗੁਨ ਗਾਵੈ॥*
*ਸਫਲ ਆਇਆ ਜੀਵਨ ਫਲੁ*
*ਤਾ ਕੌ ਪਾਰਬ੍ਰਹਮ ਲਿਵ ਲਾਵੈ॥*
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 531)

*ਸਚੀ ਬਾਣੀ ਹਰਿ ਗੁਣ ਗਾਵੈ*
*ਨਦਰੀ ਨਦਰਿ ਨਿਹਾਲ॥*
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 600)

*ਜੋ ਤੁਮਰਾ ਜਸੁ ਗਾਵਹਿ ਕਰਤੇ*
*ਸੇ ਜਨ ਕਬਹੁ ਨ ਮਰਤੇ ਝੂਰਿ ॥*
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 716)

*ਕਹੁ ਨਾਨਕ ਸੋਈ ਨਰ ਸੁਖੀਆ*
*ਰਾਮ ਨਾਮ ਗੁਨ ਗਾਵੈ॥*
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 831)

*ਸਾ ਰਸਨਾ ਧੰਨ ਧੰਨ ਹੈ ਮੇਰੀ ਜਿੰਦੜੀਏ*
*ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ॥*
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 540)

*ਹਰਿ ਜਨ ਰਾਮ ਨਾਮ ਗੁਨ ਗਾਵੈ॥*
*ਜੇ ਕੋਈ ਨਿੰਦ ਕਰੇ ਹਰਿ ਜਨ ਕੀ*
*ਅਪੁਨਾ ਗੁਨੁ ਨ ਗਵਾਵੈ॥*
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 719-720)

ਪਰ ਕੀਰਤਨ ਕਰਨ ਲਈ ਕੁਝ ਮਾਪਦੰਡ ਵੀ ਨਿਸਚਿਤ ਕੀਤੇ ਗਏ ਹਨ-

*ਜਿਸ ਨੋ ਪਰਤੀਤਿ ਹੋਵੈ,*
*ਤਿਸ ਕਾ ਗਾਵਿਆ ਥਾਇ ਪਵੈ,*
*ਸੋ ਪਾਵੈ ਦਰਗਹ ਮਾਨੁ॥*
(ਬਿਲਾਵਲ ਮਹਲਾ 4)

ਜਿਹੜੇ ਕੇਵਲ ਵਿਖਾਵੇ ਲਈ ਗਾਇਨ ਕਰਦੇ ਹਨ ਉਹ ਬਿਨਾਂ ਨਾਮ ਤੋਂ ਝੂਠੇ ਹਨ। ਅਸਲ ਵਿੱਚ ਤਾਂ ਗੁਰੂ ਦੀ ਕਿਰਪਾ ਦੁਆਰਾ ਨਾਮ ਨਾਲ ਜੁੜ ਕੇ ਹੀ ਹਰੀ ਦੇ ਗੁਣ ਗਾਇਨ ਕਰਨੇ ਚਾਹੀਦੇ ਹਨ:

*ਗਾਵਹਿ ਗੀਤੇ ਚੀਤਿ ਅਨੀਤੇ ॥*
*ਰਾਗ ਸੁਣਾਇ ਕਹਾਵਹਿ ਬੀਤੇ॥*
*ਬਿਨ ਨਾਵੈ ਮਨਿ ਝੂਠੁ ਅਨੀਤੇ॥*
*ਕਹਾ ਚਲਹੁ ਮਨ ਰਹਹੁ ਘਰੇ॥*

*ਗੁਰਮੁਖ ਰਾਮ ਨਾਮਿ ਤ੍ਰਿਪਤਾਸੇ*
*ਖੋਜਤ ਪਾਵਹੁ ਸਹਜਿ ਹਰੇ॥*

——————————

*ਗੁਰ ਪਰਸਾਦੀ ਕਰਮ ਕਮਾਉ॥*
*ਨਾਮੇ ਰਾਤਾ ਹਰਿ ਗੁਣ ਗਾਉ॥*

(ਆਸਾ ਮਹਲਾ ੧, ਪੰਨਾ 414-15)

ਗੁਰੂ ਰਾਮ ਦਾਸ ਜੀ ਵੀ ਫੁਰਮਾਉਂਦੇ ਹਨ-

*ਕੋਈ ਗਾਵੈ ਰਾਗੀ ਨਾਦੀ*
*ਬੇਦੀ ਬਹੁ ਭਾਤ ਕਰਿ*
*ਨਹੀ ਹਰਿ ਹਰਿ ਭੀਜੈ ਰਾਮ ਰਾਜੇ॥*
*ਜਿਨਾ ਅੰਤਰਿ ਕਪਟੁ ਵਿਕਾਰੁ ਹੈ*
*ਤਿਨਾ ਰੋਇ ਕਿਆ ਕੀਜੈ॥*

(ਗੁਰੂ ਗ੍ਰੰਥ ਸਾਹਿਬ, ਪੰਨਾ450)

ਕੀਰਤਨ ਕਰਨ ਕੀਰਤਨ ਕਾਰ ਨੇ ਆਪਣੀ ਕਲਾ ਜਾਂ ਵਿਦਵਤਾ ਵਿਖਾਵਾ ਨਹੀਂ ਕਰਨਾ ਸਗੋਂ ਸਹਿਜ ਵਿੱਚ ਅਤੇ ਨਿਮਰਤਾ ਨਾਲ ਕੀਰਤਨ ਕਰਨਾ ਹੈ-

*ਸਹਜੇ ਮਾਤਾ ਸਦਾ ਰੰਗਿ ਰਾਤਾ*
*ਸਾਚੇ ਕੇ ਗੁਣ ਗਾਵੈ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 634)

*ਰਾਗ ਨਾਦ ਸਬਦਿ ਸੋਹਣੇ*
*ਜਾ ਲਾਗੈ ਸਹਿਜ ਧਿਆਨੁ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 849)

ਉਹ ਕੀਰਤਨੀਆਂ ਭਲਾ ਹੈ ਜਿਹੜਾ ਲਾਲਚ ਛੱਡ ਕੇ ਗੁਰਬਾਣੀ ਦਾ ਗਾਇਨ ਕਰਦਾ ਹੈ-

*ਭਲੋ ਭਲੋ ਰੇ ਕੀਰਤਨੀਆਂ*
*ਰਾਮ ਰਮਾ ਰਾਮਾ ਗੁਨ ਗਾਉ॥*
*ਛੋਡਿ ਮਾਇਆ ਕੇ ਧੰਧ ਸੁਆਉ॥*

(ਗੁਰੂ ਗ੍ਰੰਥ ਸਾਹਿਬ , ਪੰਨਾ 885)

*ਰਾਗ ਨਾਦ ਸਬਦਿ ਸੋਹਣੇ*
*ਜਾ ਲਾਗੈ ਸਹਿਜ ਧਿਆਨੁ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 849)

ਗੁਰੂ ਗ੍ਰੰਥ ਸਾਹਿਬ ਵਿੱਚ ਜਿਤਨੇ ਰਾਗਾਂ ਦਾ ਪ੍ਰਯੋਗ ਹੋਇਆ ਹੈ ਉਹਨਾਂ ਦੀ ਜਾਣਕਾਰੀ ਕੀਰਤਨੀਏ ਨੂੰ ਹੋਣੀ ਚਾਹਦੀ ਹੈ। ਜਿਹੜੀਆਂ ਗਾਇਨ ਸੈਲੀਆਂ ਕੀਰਤਨ ਕਰਨ ਲਈ ਨਿਸਚਿਤ ਕੀਤੀਆਂ ਗਈਆਂ ਹਨ ਉਹਨਾਂ ਦਾ ਗਿਆਨ ਹੋਣਾ ਵੀ ਲਾਜਮੀ ਹੈ।

ਇਸ ਤਰ੍ਹਾਂ ਗੁਰਬਾਣੀ ਵਿੱਚ ਕੀਰਤਨ ਅਤੇ ਕੀਰਤਨੀਏ ਬਾਰੇ ਇੱਕ ਵਿਸ਼ੇਸ਼ ਪ੍ਰਕਾਰ ਦਾ ਸੰਕਲਪ ਬਿਆਨ ਕੀਤਾ ਗਿਆ ਹੈ। ਲੋੜ ਹੈ ਇਸ ਸੰਕਲਪ ਦੀ ਲੋਅ ਵਿੱਚ ਕੀਰਤਨ ਅਤੇ ਕੀਰਤਨੀਏ ਦੀ ਸੰਭਾਲ ਕੀਤੀ ਜਾਵੇ।


1. ਸਾਰੰਗ ਦੇਵ, ਸੰਗੀਤ ਰਤਨਾਕਰ (ਭਾਗ 1) ਪੰਨਾ 7

2. Music is everywhere. No one can do without it. Ancient religious believes maintained that music was not only a pleasure but a cause of many events. It could bring down droughts to harm the crops and rains to give them life. Music comes from the gods, they said.

Gleb Anfilov, Physics and Music, Page 8-9

3. Humayun Kabir, The Indian Heritage, Page 126

4. ਹਰਦੁਆਰੀ ਲਾਲ ਸ਼ਰਮਾ, ਸੌਂਦਰਯ ਸ਼ਾਸਤਰ, ਪੰਨਾ 183

5. ਉਮਾ ਮਿਸ਼ਰ, ਕਾਵਿ ਔਰ ਸੰਗੀਤ ਕਾ ਪਾਰਸਪਰਿਕ ਸੰਬੰਧ, ਪੰਨਾ 31

6. The Man that hath no music in himself, Nor is not moved with concord of Sweet sounds, Is Fit for treasons, strantagems, and spoils; The Motions of his spirit are dull as night; And his effections dark as Erebus. Let no such man be trusted, Mark the Music

Shakespeare, The Merchant of Venice, Page 79-80

7. ਹਵਾਲਾ, ਪੰਡਤ ਓਅੰਕਾਰ ਨਾਥ ਠਾਕੁਰ, ਪ੍ਰਣਵ ਭਾਰਤੀ, ਪੰਨਾ 14

8. ਪੰਡਤ ਓਅੰਕਾਰ ਨਾਥ ਠਾਕੁਰ, ਪ੍ਰਣਵ

ਭਾਰਤੀ (ਪ੍ਰਥਮ ਵੀਣਾ), ਪੰਨਾ 6

9. In any out-of the way place man has always sung, played or made thing that whistle, hum or rattle. This has always been vital to him as air; music helped him to work, has added to his joy, and taken the edge off his sorrow, Music has drawn people together, and made them feel and act as one.

Gleb Anfilov, Physics and Music, Page 7

10 ਪ੍ਰਣਵ ਭਾਰਤੀ, ਪੰਨਾ 19

11. ਸਾਹਿਤ ਤੇ ਸਿਧਾਂਤ, ਪੰਨਾ 56

12. ਮਨਮ ਹਨ ਸਹਗਲ, ਗੁਰੂ ਗ੍ਰੰਥ ਸਾਹਿਬ ਏਕ ਸਾਂਸਕ੍ਰਿਤਕ ਸਰਵੇਕਸ਼ਣ, ਪੰਨਾ 220

13. ਧਵਨਿ ਔਰ ਸੰਗੀਤ, ਪੰਨਾ 143

14. ਭਾਰਤੀਯ ਕਲਾ ਔਰ ਸੰਸਕ੍ਰਿਤੀ, ਪੰਨਾ 152

15. ਕਾਵਿ ਔਰ ਸੰਗੀਤ ਕਾ ਪਾਰਸਪਰਿਕ ਸੰਬੰਧ, ਪੰਨਾ 40

16. ਗੁਰਮਤ ਸੰਗੀਤ ਪਰ ਹੁਣ ਤਕ ਮਿਲੀ ਖੋਜ, ਭਾਗ 1, (ਪੰਨਾ ਅ, ੲ,) P. 15

17. O.C. Gangoli, Ragas and Raginis, Page I, Indtroduction

18. ਊਸ਼ਾ ਗੁਪਤ, ਹਿੰਦੀ ਕੇ ਕ੍ਰਿਸ਼ਨ ਕਾਲੀਨ ਭਗਤੀ ਕਾਵਿਯ ਮੇਂ ਸੰਗੀਤ ਤਤਵ, ਪੰਨਾ 217

19. ਮਹੇਸ਼ ਨਰਾਇਣ ਸਕਸੈਨਾ, ਸੰਗੀਤ ਸ਼ਾਸਤਰ, (ਭਾਗ ਪਹਿਲਾ) ਪੰਨਾ 20

20. ਬ੍ਰਹਿਸਪਤੀ, ਸੰਗੀਤ ਚਿੰਤਾਮਣੀ, ਪੰਨਾ 400

21. ਦਮੋਦਰ ਪੰਡਿਤ, ਸੰਗੀਤ ਦਰਪਣ, ਪੰਨਾ 104

22. ਹਵਾਲਾ, ਸੰਗੀਤ ਪਾਰਿਜਾਤਿ, ਪੰਨਾ 118

23. ਸਗਤ ਸਿੰਘ, 'ਰਾਜਸਥਾਨੀ ਚਿਤਰਕਲਾ ਮੇਂ ਰਾਗੋਂ ਕਾ ਸਰੂਪ' ਨਿਬੰਧ ਸੰਗੀਤ, ਪੰਨਾ 446

24. ਦਮੋਦਰ ਪੰਡਿਤ, ਸੰਗੀਤ ਦਰਪਣ, ਪੰਨਾ 117

25. ਹਵਾਲਾ, ਸੰਗੀਤ ਪਾਰਿਜਾਤ, ਪੰਨਾ 101

26. ਦਮੋਦਰ ਪੰਡਤ, ਸੰਗੀਤ ਦਰਪਣ, ਪਨਾ 95

27. ਸਗਤ ਸਿੰਘ, 'ਰਾਜਸਥਾਨੀ ਚਿਤਰਕਲਾ ਮੇਂ ਰਾਗੋਂ ਕਾ ਸਰੂਪ' ਨਿਬੰਧ ਸੰਗੀਤ, ਪੰਨਾ 437

28. ਸੰਗੀਤ ਚਿੰਤਾਮਣੀ, ਪੰਨਾ 399

29. ਭਾਈ ਵੀਰ ਸਿੰਘ, "ਸ਼ਬਦ ਦੇ ਭਾਵ ਤੇ ਰਾਗ ਦੀ ਤਾਸੀਰ", ਗੁਰਮਤ ਸੰਗੀਤ ਪਰ ਹੁਣ ਤਕ ਮਿਲੀ ਖੋਜ, (ਭਾਗ ਪਹਿਲਾ) ਪੰਨਾ 1

*# 422, ਸੈਕਟਰ 15-ਏ, ਚੰਡੀਗੜ੍ਹ*
*ਮੁਬਾਈਲ: 98140 53630*

## ਜ਼ਰੂਰੀ ਬੇਨਤੀ

ਜੇ ਇਹ ਮੈਗਜ਼ੀਨ ਆਪ ਨੂੰ ਚੰਗਾ ਲਗਦਾ ਹੈ ਤਾਂ ਮਾਇਕ ਸਹਾਇਤਾ ਭੇਜੋ ਜੀ। ਜੇ ਚੰਗਾ ਨਹੀਂ ਲਗਦਾ ਤਾਂ ਸਾਨੂੰ ਸੂਚਿਤ ਕਰੋ ਤਾਂ ਜੋ ਤੁਹਾਨੂੰ ਇਹ ਮੈਗਜ਼ੀਨ ਭੇਜਣਾ ਬੰਦ ਕਰ ਦਿੱਤਾ ਜਾਵੇ ਜੀ।

– ਸੰਪਾਦਕ : 09814053630

# ਬਹੁ ਪੱਖੀ ਸ਼ਖਸੀਅਤ : ਭਾਈ ਕਰਮ ਸਿੰਘ ਰਤਨ

**ਭਾਈ ਗੁਰਮੀਤ ਸਿੰਘ ਜੋਸ**



ਕੀਰਤਨੀਆਂ ਦੇ ਜੀਵਨ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਜੋ ਲਿਖਿਆ ਜਾਂਦਾ ਹੈ, ਕਈ ਵਾਰ ਉਹ ਵੀ ਇਕ ਪਾਸੜ ਹੁੰਦਾ ਹੈ। ਕੁਝ ਸ਼ਰਧਾਲੂ ਕੀਰਤਨੀਆਂ ਦੀ ਅਤਿ ਪ੍ਰਸ਼ੰਸਾ ਕਰ ਦਿੰਦੇ ਹਨ ਅਤੇ ਕੁਝ ਆਲੋਚਕ ਕੀਰਤਨੀਆਂ ਦੀ ਗਾਇਨ ਸ਼ੈਲੀ ਆਦਿ ਬਾਰੇ ਆਲੋਚਨਾ ਕਰਦੇ ਹਨ।ਅਸੀਂ ਚਾਹੁੰਦੇ ਹਾਂ ਕਿ ਸਰੋਤੇ ਜਾਂ ਕੁਝ ਹੋਰ ਲੇਖਕ ਆਪਣੇ ਨੇੜਲੇ ਕੀਰਤਨੀਆਂ ਦੇ ਜੀਵਨ ਬਾਰੇ ਕੁਝ ਲਿਖਦੇ ਰਹਿਣ ਤਾਂ ਜੋ ਉਹਨਾਂ ਦੇ ਜੀਵਨ ਬਾਰੇ ਆਮ ਸੰਗਤਾਂ ਨੂੰ ਜਾਣਕਾਰੀ ਮਿਲੇ ਅਤੇ ਨਵੇਂ ਕੀਰਤਨੀਆਂ ਨੂੰ ਕੋਈ ਸੇਧ ਪ੍ਰਾਪਤ ਹੋਵੇ। ਅਸੀਂ ਭਾਈ ਕਰਮ ਸਿੰਘ ਰਤਨ ਦੀ ਜੀਵਨੀ ਨੂੰ ਜਿਹੜੀ ਕਿ ਭਾਈ ਗੁਰਮੀਤ ਸਿੰਘ ਜੋਸ਼ ਨਵੀਂ ਦਿੱਲੀ ਵਾਲਿਆਂ ਨੇ ਬੜੀ ਸ਼ਰਧਾ ਨਾਲ ਲਿਖੀ ਹੈ, ਕਿਸ਼ਤਵਾਰ ਛਾਪ ਰਹੇ ਹਾਂ। ਆਸ ਹੈ ਕਿ ਪਾਠਕਾਂ ਨੂੰ ਪਸੰਦ ਆਵੇਗੀ।

**ਪਿਛਲੇ ਅੰਕ ਦੀ ਬਾਕੀ**

(ਕੀਰਤਨੀਆਂ ਦੇ ਜੀਵਨ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਜੋ ਲਿਖਿਆ ਜਾਂਦਾ ਹੈ, ਕਈ ਵਾਰ ਉਹ ਵੀ ਇਕ ਪਾਸੜ ਹੁੰਦਾ ਹੈ। ਕੁਝ ਸ਼ਰਧਾਲੂ ਕੀਰਤਨੀਆਂ ਦੀ ਅਤਿ ਪ੍ਰਸ਼ੰਸਾ ਕਰ ਦਿੰਦੇ ਹਨ ਅਤੇ ਕੁਝ ਆਲੋਚਕ ਕੀਰਤਨੀਆਂ ਦੀ ਗਾਇਨ ਸ਼ੈਲੀ ਆਦਿ ਬਾਰੇ ਆਲੋਚਨਾ ਕਰਦੇ ਹਨ।ਅਸੀਂ ਚਾਹੁੰਦੇ ਹਾਂ ਕਿ ਸਰੋਤੇ ਜਾਂ ਕੁਝ ਹੋਰ ਲੇਖਕ ਆਪਣੇ ਨੇੜਲੇ ਕੀਰਤਨੀਆਂ ਦੇ ਜੀਵਨ ਬਾਰੇ ਕੁਝ ਲਿਖਦੇ ਰਹਿਣ ਤਾਂ ਜੋ ਉਹਨਾਂ ਦੇ ਜੀਵਨ ਬਾਰੇ ਆਮ ਸੰਗਤਾਂ ਨੂੰ ਜਾਣਕਾਰੀ ਮਿਲੇ ਅਤੇ ਨਵੇਂ ਕੀਰਤਨੀਆਂ ਨੂੰ ਕੋਈ ਸੇਧ ਪ੍ਰਾਪਤ ਹੋਵੇ। ਅਸੀਂ ਭਾਈ ਕਰਮ ਸਿੰਘ ਰਤਨ ਦੀ ਜੀਵਨੀ ਨੂੰ ਜਿਹੜੀ ਕਿ ਭਾਈ ਗੁਰਮੀਤ ਸਿੰਘ ਜੋਸ਼ ਨਵੀਂ ਦਿੱਲੀ ਵਾਲਿਆਂ ਨੇ ਬੜੀ ਸ਼ਰਧਾ ਨਾਲ ਲਿਖੀ ਹੈ, ਕਿਸ਼ਤਵਾਰ ਛਾਪ ਰਹੇ ਹਾਂ। ਆਸ ਹੈ ਕਿ ਪਾਠਕਾਂ ਨੂੰ ਪਸੰਦ ਆਵੇਗੀ।)

ਪਿਛਲੇ ਅੰਕ ਦੀ ਬਾਕੀ

ਉਸ ਸਮੇਂ ਤਖਤ ਸ੍ਰੀ ਪਟਨਾ ਸਾਹਿਬ ਵਿਖੇ, ਤਿੰਨ ਰਾਗੀ ਜਥੇ ਪਹਿਲੇ ਹੀ ਸਨ- 1 ਭਾਈ ਜੋਗਿੰਦਰ ਸਿੰਘ ਜੀ, ਗੁਰਬਚਨ ਸਿੰਘ ਜੀ 2. ਭਾਈ ਜੀਵਨ ਸਿੰਘ ਜੀ ਅਖੰਡ ਕੀਰਤਨੀਏ ਲੁਧਿਆਣੇ ਵਾਲੇ 3. ਭਾਈ ਸੁਰਿੰਦਰ ਸਿੰਘ ਜੋ ਬਾਅਦ ਵਿੱਚ ਸ੍ਰੀ ਅਮ੍ਰਿਤਸਰ ਚਲੇ ਗਏ ਸਨ ਅਤੇ ਚੌਥੇ ਭਾਈ ਕਰਮ ਸਿੰਘ ਰਤਨ ਜੀ ਨੂੰ ਰੱਖ ਲਿਆ ਗਿਆ।ਬਾਅਦ ਵਿੱਚ ਤਿੰਨ ਰਾਗੀ ਜਥੇ ਕਮੇਟੀ ਨੇ ਹੋਰ ਰੱਖੇ ਸਨ, 1. ਭਾਈ ਦਇਆ ਸਿੰਘ ਜੀ, 2. ਭਾਈ ਭੁਪਿੰਦਰ ਸਿੰਘ ਜੀ ਪਾਰਸ, ਅਤੇ 3. ਭਾਈ ਅਜਮੇਰ ਸਿੰਘ ਚੰਦਨ ਜੋ ਕਿ ਪੌਪ ਗਾਇਕ ਦਲੇਰ ਮੇਹਦੀ ਦੇ ਪਿਤਾ ਸਨ

ਬਾਬਾ ਜਸਵੰਤ ਸਿੰਘ ਨੇ ਕਿਹਾ ਕਿ ਘਟ ਤੋਂ ਘਟ ਇਕ ਮਹੀਨਾ ਡੀਊਟੀ ਕਰਨ ਤੋਂ ਬਾਅਦ ਹੀ ਛੁੱਟੀ ਲੈ ਕੇ ਤੁਸੀਂ ਘਰ ਜਾ ਸਕੋਗੇ। 26 ਅਪ੍ਰੈਲ ਤੋਂ 4 ਮਈ ਤਕ ਰਤਨ ਜੀ ਨੇ ਤਖਤ ਸਾਹਿਬ ਵਿਖੇ ਕੀਰਤਨ ਦੀ ਹਾਜਰੀ ਭਰੀ। ਉਸ ਤੋਂ ਬਾਅਦ ਬਾਹਰ ਦੇ ਪ੍ਰੋਗਰਾਮ ਸ਼ੁਰੂ ਹੋ ਗਏ।

ਸਭ ਤੋਂ ਪਹਿਲੇ ਕਮੇਟੀ ਨੇ ਆਪ ਨੂੰ ਕੀਰਤਨ ਕਰਨ ਹਿਤ ਮੁਜਫਰਪੁਰ ਭੇਜਿਆ ਉਥੇ ਆਪ ਨੇ ਗੁਰਦੁਆਰਾ ਸਿੰਘ ਸਭਾ ਵਿਖੇ ਕੀਰਤਨ ਕੀਤਾ। ਇਸ ਤੋਂ ਬਾਅਦ ਰਤਨ ਜੀ ਦੇ ਕੀਰਤਨ ਪ੍ਰਸ਼ੰਸਾ ਹੋਣ ਲੱਗ ਪਈ ਅਤੇ ਹੋਰ ਕੀਰਤਨ ਦੇ ਪ੍ਰੋਗਰਾਮ ਆਉਣੇ ਸ਼ੁਰੂ ਹੋ ਗਏ। ਮੁਜ਼ਫਰਪੁਰ ਤੋਂ ਬਾਅਦ ਆਪ ਜੀ ਨੇ ਲੱਖੀ ਸਰਾਏ, ਗਰੀਡੀਹ, ਗਇਆ, ਰਾਂਚੀ ਆਦਿ ਸਥਾਨਾਂ ਤੇ ਕੀਰਤਨ ਕਰਕੇ ਸੰਗਤਾਂ ਦੀਆਂ ਅਸੀਸਾਂ ਪ੍ਰਾਪਤ ਕੀਤੀਆਂ।

ਵਾਪਸ ਆ ਕੇ ਫਿਰ ਪਟਨਾ ਸਾਹਿਬ ਦਰਬਾਰ ਸਾਹਿਬ ਦੀ ਡੀਊਟੀ ਆਰੰਭ ਕਰ ਦਿੱਤੀ।

ਦਾਸ (ਲੇਖਕ) ਨੇ ਰਾਂਚੀ ਵਿਖੇ ਰਤਨ ਜੀ ਦੇ ਪਹਿਲੀ ਵਾਰ ਦਰਸ਼ਨ ਕੀਤੇ ਸਨ।

ਪਟਨਾ ਸਾਹਿਬ ਤਿੰਨ ਚਾਰ ਰਾਗੀ ਜਥੇ ਹੋਣ ਕਰਕੇ ਰਤਨ ਜੀ ਆਸਾ ਦੀ ਵਾਰ ਦਾ ਕੀਰਤਨ ਚੌਥੇ ਜਾਂ ਪੰਜਵੇਂ ਦਿਨ ਕਰਦੇ ਸਨ। ਇਸ ਸਮੇਂ ਉਥੋਂ ਦੇ ਸਾਰੇ ਰਾਗੀ ਜਥੇ ਭਾਈ ਸਾਹਿਬ ਦੇ ਕੀਰਤਨ ਦੀ ਪ੍ਰਸ਼ੰਸਾ ਕਰਦੇ ਸਨ। ਖਾਸ ਕਰਕੇ ਭਾਈ ਜੋਗਿੰਦਰ ਸਿੰਘ ਜੀ ਜੋ ਪੁਰਾਣੇ ਰਾਗੀ ਸਨ ਉਹ ਰਤਨ ਜੀ ਨੂੰ ਬਹੁਤ ਪਿਆਰ ਕਰਦੇ ਸਨ।

ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੁਝ ਦਿਨਾਂ ਬਾਦ ਫਿਰ ਭਾਈ ਕਰਮ ਸਿੰਘ ਰਤਨ ਜੀ ਦਾ ਟੂਰ ਬਣਾ ਦਿੱਤਾ। ਉਸ ਸਮੇਂ ਤਖਤ ਸਾਹਿਬ ਵਿਖੇ ਯਾਤਰੀਆਂ ਦੇ ਰਹਿਣ ਵਾਸਤੇ ਰਿਹਾਇਸ਼ ਦੇ ਕਮਰੇ ਘੱਟ ਸਨ ਇਸ ਲਈ ਕਮੇਟੀ ਨੇ ਫੈਸਲਾ ਕੀਤਾ ਕਿ ਤਖਤ ਸਾਹਿਬ ਵਿਖੇ ਇਕ ਹੋਰ ਸਰਾਂ ਬਣਾਈ ਜਾਵੇ ਤੇ ਉਸ ਦੀ ਉਗ੍ਰਾਹੀ ਕਰਨ ਵਾਸਤੇ ਭਾਈ ਕਰਮ ਸਿੰਘ ਰਤਨ ਦੀ ਸੇਵਾ ਲਾਈ ਗਈ।

ਇਸ ਕੀਰਤਨ ਯਾਤਰਾ ਵਿੱਚ ਮੁਜਫਰਪੁਰ ਤੋਂ ਸ਼ੁਰੂ ਕਰ ਕੇ ਸਮਸਤੀਪੁਰ,ਸੀਵਾਨ, ਛਪਰਾ, ਗੋਰਖਪੁਰ, ਨੋਤਨਵਾ (ਬੁਟਵਲ ਨਿਪਾਲ) ਦੇਵਰੀਆਂ ਆਦਿ ਸਥਾਨਾਂ ਤੇ ਕੀਰਤਨ ਕੀਤਾ ਗਿਆ। ਗੁਰਦੁਆਰਾ ਪ੍ਰਬੰਧਕਾਂ ਨੇ ਭਾਈ ਕਰਮ ਸਿੰਘ ਦੇ ਰਾਗੀ ਜਥੇ ਦੀ ਇਹਨਾਂ ਕੀਰਤਨ ਯਾਤਰਾਵਾਂ ਦੀ ਸਫਲਤਾ ਵੇਖ ਕੇ ਬੰਬਈ ਵਿਖੇ ਜਾਣ ਲਈ ਡੀਊਟੀ ਲਗਾ ਦਿੱਤੀ।

ਬੰਬਈ ਵਿਖੇ ਜਿਥੇ ਜਿਥੇ ਜਥੇ ਨੂੰ ਭੇਜਣਾ ਸੀ ਉਹਨਾਂ ਸਾਰੀਆਂ ਥਾਵਾਂ ਤੇ ਪਹਿਲੇ ਇਸ਼ਤਿਹਾਰ ਭੇਜ ਦਿੱਤੇ ਇਸ ਵਿੱਚ ਜਥੇ ਦੇ ਤਿੰਨਾਂ ਮੈਂਬਰਾਂ ਦੀਆਂ ਫੋਟੋਆਂ ਸਨ। ਨਾਂਲ ਹੀ ਸਾਰਾ ਪ੍ਰੋਗਰਾਮ ਲਿਖੇ ਕੇ ਪਹਿਲਾਂ ਹੀ ਚਿਠੀਆਂ ਰਾਹੀਂ ਭੇਜ ਦਿੱਤਾ ।

ਚਿੱਠੀਆਂ ਵਿਚ ਲਿਖਿਆ ਸੀ ਕਿ ਤਖਤ ਸ੍ਰੀ ਪਟਨਾ ਸਾਹਿਬ ਵਿੱਚ ਸੰਗਤਾਂ ਦੇ ਠਹਿਰਨ ਲਈ ਇਕ ਸਰਾਂ ਬਣਾਈ ਜਾ ਰਹੀ ਹੈ। ਜਿਸ ਵਿੱਚ ਇਕ ਕਮਰਾ ਬਣਾਉਣ ਦਾ ਖਰਚ 41000/- ਰੁਪਏ ਹੈ। ਜੋ ਸੱਜਣ ਇਕਤਾਲੀ ਹਜਾਰ ਰੁਪਏ ਦੇਵੇਗਾ ਤਾਂ ਉਹ ਉਸ ਦੇ ਨਾਮ ਦੀ ਪਲੇਟ ਕਮਰੇ ਦੇ ਬਾਹਰ ਲਗਾ ਦਿੱਤੀ ਜਾਵੇਗੀ।

ਬੰਬਈ ਅਤੇ ਨਾਲ ਲੱਗਦੇ ਸਾਰੇ ਗੁਰਦੁਆਰਾ ਸਾਹਿਬਾਨ ਵਿੱਚ ਚਿਠੀਆਂ ਭੇਜ ਦਿੱਤੀਆਂ। ਬੰਬਈ ਦੇ ਕੁਝ ਪ੍ਰਤਿਸ਼ਟ ਸੱਜਣਾਂ ਨੂੰ ਵੀ ਚਿਠੀਆਂ ਭੇਜ ਦਿੱਤੀਆਂ। ਜਿਨ੍ਹਾਂ ਵਿੱਚ ਸ. ਰਣਜੀਤ ਸਿੰਘ ਜੀ ਜਿਹਨਾਂ ਨੂੰ ਬੰਬਈ ਵਿੱਚ ਕੱਪੜੇ ਕਾਰੋਬਾਰ ਵਿੱਚ ਬੰਬਈ ਦਾ ਕਿੰਗ ਮੰਨਿਆ ਜਾਂਦਾ ਸੀ, ਸ. ਜੈਮਲ ਸਿੰਘ ਗੁਰਦੁਆਰਾ ਭਾਈ ਜੋਗਾ ਸਿੰਘ ਵਾਲੇ, ਫਿਲਮ ਸਟਾਰ ਦਾਰਾ ਸਿੰਘ ਭਲਵਾਨ, ਇਹ ਜਸਵੰਤ ਸਿੰਘ ਦੇ ਗੂਹੜੇ ਮਿੱਤਰ ਸਨ, ਸਰਦਾਰ ਦਾਰਾ ਸਿੰਘ ਜਦੋਂ ਵੀ ਕਲਕੱਤੇ ਜਾਦੇ ਸਨ ਤਾਂ ਜਸਵੰਤ ਸਿੰਘ ਜੀ ਘਰ ਠਹਿਰਦੇ ਸਨ।

ਇਕ ਪੱਤਰ ਗੁਰਦੁਆਰਾ ਸਿੰਘ ਸਭਾ ਦਾਦਰ ਬੰਬਈ ਨੂੰ ਪਾਇਆ ਕਿ ਭਾਈ ਕਰਮ ਸਿੰਘ ਰਤਨ ਜੀ ਦਾ ਜਥਾ ਤਖਤ ਸਾਹਿਬ ਦੀ ਉਗ੍ਰਾਹੀ ਕਰੇਗਾ ਤੇ ਸਿੰਘ ਸਭਾ ਨੇ ਇਹਨਾ ਨੂੰ ਪੂਰਾ ਪੂਰਾ ਸਹਿਯੋਗ ਦੇਣਾ ਹੈ, ਇਹ ਸਾਰਾ ਪ੍ਰੋਗਰਾਮ ਬਣਾ ਕੇ ਭਾਈ ਕਰਮ ਸਿੰਘ ਰਤਨ ਜੀ ਦੇ ਰਾਗੀ ਜਥੇ ਨੂੰ 9 ਅਗਸਤ 1976 ਨੂੰ ਬੰਬਈ ਵਾਸਤੇ ਰਵਾਨਾ ਕਰ ਦਿੱਤਾ ਗਿਆ ਅਤੇ 11 ਅਗਸਤ 76 ਨੂੰ ਆਪ ਜੀ ਜਥਾ ਬੰਬਈ ਗੁਰਦੁਆਰਾ ਸਿੰਘ ਸਭਾ ਦਾਦਰ ਪਹੁੰਚ ਗਿਆ।

ਆਪ ਨੇ 31 ਅਗਸਤ 76 ਨੂੰ ਪਹਿਲਾ ਕੀਰਤਨ ਗੁ: ਸਿੰਘ ਸਭਾ ਦਾਦਰ ਕੀਤਾ। 15 ਅਕਤੂਬਰ ਤਕ ਦਾਦਰ ਸਿੰਘ ਸਭਾ, 15 ਅਕਤੂਬਰ ਸ਼ਾਮ ਤੋਂ 22 ਅਗਸਤ ਤਕ ਗੁਰਦੁਆਰਾ ਭਾਈ ਜੋਗਾ ਸਿੰਘ ਕੀਰਤਨ ਕੀਤਾ।

23 ਤੋਂ 26 ਤਕ ਪੰਚਾਇਤੀ ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਅਤੇ 26 ਤੋਂ 30 ਤਕ ਗੁਰਦੁਆਰਾ ਅਕਾਲੀ ਦਲ ਕਾਲਬਾ ਦੇਵੀ ਰੋਡ,31 ਅਗਸਤ ਤੋਂ 2 ਸਤੰਬਰ ਤਕ ਗੁਰਦੁਆਰਾ ਸਿੰਘ ਸਭਾ ਗੁ. ਤੇਗ ਬਹਾਦਰ ਅਤੇ 3 ਤੋਂ 5 ਸੰਤਬਰ ਗੁਰਦੁਆਰਾ ਸਿੰਘ ਸਭਾ ਖਾਰ, 6 ਸਤਬੰਰ ਤੋਂ 17 ਸਤੰਬਰ ਤਕ ਗੁਰਦੁਆਰਾ ਧੰਨ ਪੋਠੋਹਾਰ, ਸਿੰਘ ਸਭਾ ਗੋਰੇ ਗਾਉ ਕੀਰਤਨ ਕੀਤਾ।

ਗੋਰੇ ਗਾਂਓਂ ਜਥਾ ਇਕ ਹਫਤਾ ਠਹਿਰਿਆ ਸੀ ਏਸੇ ਸਮੇਂ ਵਿੱਚ ਭਾਈ ਕਰਮ ਸਿੰਘ ਰਤਨ ਜੀ ਨੇ ਬੁੱਢਾ ਦਲ ਪਾਸੋਂ (ਦਸਮ ਪਾਤਸ਼ਾਹ ਜੀ ਦੀ ਬਾਣੀ ਦਾ (ਸਰਬਲੋਹ ਗ੍ਰੰਥ ਪ੍ਰਾਪਤ ਕੀਤਾ ਸੀ)

ਉਸ ਤੋਂ ਬਾਅਦ 18 ਤੇ 19 ਸਤੰਬਰ ਗੁ. ਭਾਈ ਜੋਗਾ ਸਿੰਘ ਪ੍ਰੋਗਰਾਮ ਕੀਤਾ ਤੇ 20 ਤੇ 21 ਨੂੰ ਗੁਰਦੁਆਰਾ ਚੰਬੂਰ ਕਲੋਨੀ ਕੀਰਤਨ ਕੀਤਾ।

14 ਅਕਤੂਬਰ ਨੂੰ ਸ. ਦਾਰਾ ਸਿੰਘ ਭਲਵਾਨ ਫਿਲਮ ਐਕਟਰ ਦਾਦਰ ਗੁਰਦੁਆਰੇ ਭਾ. ਕਰਮ ਸਿੰਘ ਰਤਨ ਜੀ ਨੂੰ ਮਿਲਣ ਲਈ ਆਏ ਤੇ ਉਹਨਾਂ ਦੱਸਿਆ ਕਿ ਮੈਨੂੰ ਪਟਨਾ ਸਾਹਿਬ ਤੋਂ ਚਿਠੀ ਆਈ ਹੈ। ਉਹਨਾਂ ਨੇ ਆਪਣੀ ਕੋਠੀ ਦਾ ਪਤਾ ਦਿੱਤਾ ਤੇ ਕਿਹਾ ਕਿ ਤੁਸੀ ਮੇਰੇ ਘਰ ਦਰਸ਼ਨ ਦਿਉ, ਫਿਰ ਉਥੇ ਬੈਠ ਕੇ ਹੀ ਅਗਲਾ ਪ੍ਰੋਗਰਾਮ ਬਣਾਵਾਂਗੇ।

ਰਤਨ ਜੀ ਜਥੇ ਸਮੇਤ 16 ਅਕਤੂਬਰ ਨੂੰ ਸ. ਦਾਰਾ ਸਿੰਘ ਦੇ ਘਰ ਗਏ । ਸ. ਦਾਰਾ ਸਿੰਘ ਜੀ ਨੇ ਭਾਈ ਸਾਹਿਬ ਜੀ ਦੇ ਜਥੇ ਦਾ ਬਹੁਤ ਸਤਿਕਾਰ ਕੀਤਾ। ਉਨ੍ਹਾਂ ਨੇ ਆਪਣੇ ਬੰਗਲੇ ਵਿੱਚ 18 ਅਕਤੂਬਰ ਨੂੰ ਕੀਰਤਨ ਦਾ ਪ੍ਰੋਗਰਾਮ ਰੱਖਿਆ।ਸ. ਦਾਰਾ ਸਿੰਘ ਜੀ ਦੇ ਬੰਗਲੇ ਨੇੜੇ ਹੀ ਮਸ਼ਹੂਰ ਐਕਟਰ ਧਰਮਿੰਦਰ ਜੀ ਦਾ ਬੰਗਲਾ ਹੈ ਥੋੜੀ ਦੂਰ ਤੇ ਬੀ.ਆਰ. ਚੋਪੜਾ ਜੀ ਦਾ ਸਟੂਡੀਓ ਹੈ। ਦਾਰਾ ਸਿੰਘ ਜੀ ਘਰ ਕੀਰਤਨ ਫਿਲਮ ਇੰਡਸਟਰੀ ਵਿੱਚ ਇਹ ਪਹਿਲਾ ਪ੍ਰੋਗਰਾਮ ਸੀ ਅਤੇ ਇਸ ਪ੍ਰੋਗਰਾਮ ਵਿੱਚ ਫਿਲਮ ਇੰਡਸਟਰੀ ਦੀਆਂ ਨਾਮੀ ਗਿਰਾਮੀ ਹਸਤੀਆਂ ਸ਼ਾਮਲ ਹੋਈਆਂ ਸਨ। ਜਿਨ੍ਹਾਂ ਵਿੱਚ ਬੀ.ਆਰ. ਚੋਪੜਾ ਸਾਹਿਬ ਅਤੇ ਧਰਮਿੰਦਰ ਅਤੇ ਗੀਤਕਾਰ ਗੁਲਜ਼ਾਰ ਸਾਹਿਬ (ਇਹ ਬਿਹਾਰ ਵਿੱਚ ਡਾਲਟਨ ਗੰਜ ਦੇ ਰਹਿਣ ਵਾਲੇ ਹਨ ਤੇ ਪਟਨਾ ਸਾਹਿਬ ਦੇ ਸਕੱਤਰ ਬਾਬਾ ਜਸਵੰਤ ਸਿੰਘ ਵੀ ਡਾਲਟਨ ਗੰਜ ਦੇ ਹੀ ਹਨ) ਸ. ਦਾਰਾ ਸਿੰਘ ਦੇ ਗ੍ਰਹਿ ਵਿਖੇ ਬਹੁਤ ਸਾਰੀ ਸੰਗਤ ਇਕੱਠੀ ਹੋ ਗਈ ਸੀ ਤੇ ਸਭ ਲੋਕ ਰਤਨ ਜੀ ਦੇ ਕੀਰਤਨ ਤੋਂ ਬਹੁਤ ਪ੍ਰਭਾਵਿਤ ਹੋਏ।

ਕੀਰਤਨ ਦੀ ਸਮਾਪਤੀ ਤੋਂ ਬਾਅਦ ਫਿਲਮ ਡਾਇਰੈਕਟਰ ਬੀ.ਆਰ. ਚੋਪੜਾ ਜੀ, ਦਾਰਾ ਸਿੰਘ ਜੀ ਨੂੰ ਜਾ ਕੇ ਮਿਲੇ ਤੇ ਉਹਨਾਂ ਨੇ ਦੱਸਿਆ ਇਕ ਫਿਲਮ ਦਾ ਮਹੂਰਤ ਕਰਨਾ ਹੈ ਉਸ ਵਾਸਤੇ 23 ਅਕਤੂਬਰ ਸ਼ਨੀਵਾਰ ਦਾ ਦਿਨ ਰੱਖਿਆ ਹੈ। ਉਸ ਵਿੱਚ ਅਸੀ ਚਾਹੁੰਦੇ ਹਾਂ ਕਿ ਭਾਈ ਸਾਹਿਬ ਜੀ ਕੀਰਤਨ ਕਰਨ ਅਤੇ ਸਾਹਿਬੁ ਜੀ ਨੇ ਪ੍ਰਵਾਨਗੀ ਦੇ ਦਿੱਤੀ। ਉਸ ਤੋਂ ਬਾਅਦ 18 ਸਵੇਰ ਤੋਂ 21 ਅਕਤੂਬਰ ਤਕ ਗੁਰਦੁਆਰਾ ਅੰਧੇਰੀ, ਅਤੇ 22 ਤੋਂ 24 ਤੱਕ ਸਵੇਰ ਦੇ ਕੀਰਤਨ ਗੁਰਦੁਆਰਾ ਖਾਲਸਾ ਸਭਾ ਮਾਟੂੰਗਾ ਸਾਹਿਬ ਵਿਖੇ ਕੀਤੇ।

23 ਅਕਤੂਬਰ ਰਾਤ ਦਾ ਕੀਰਤਨ ਬੀ.ਆਰ. ਚੋਪੜਾ ਸਾਹਿਬ ਦੇ ਸਟੂਡੀਓ ਵਿੱਚ ਕੀਤਾ। ਇਸ ਮੌਕੇ ਤੇ ਫਿਲਮ ਦੁਨੀਆ ਦੇ ਨਾਮੀ ਸਿਤਾਰੇ ਸ਼ਾਮਲ ਹੋਏ ਸਨ ਜਿਨ੍ਹਾਂ ਵਿੱਚ ਰਾਜਿੰਦਰ ਕੁਮਾਰ , ਦਲੀਪ ਕੁਮਾਰੇ, ਪ੍ਰਾਣ ਸਾਹਿਬ, ਸ਼ਮੀ ਕਪੂਰ, ਸ਼ਰਮੀਲਾ ਟੈਗੋਰ , ਸਾਧਨਾ , ਰਾਖੀ,ਰੇਖਾ ਆਦਿ ਸਨ। ਇਸ ਪ੍ਰੋਗਰਾਮ ਵਿੱਚ ਰਤਨ ਜੀ ਨੇ ਬਹੁਤ ਹੀ ਪ੍ਰਭਾਵਸ਼ਾਲੀ ਕੀਰਤਨ ਕੀਤਾ। ਸਭ ਲੋਕਾਂ ਨੇ ਰਤਨ ਜੀ ਦਾ ਕੀਰਤਨ ਬਹੁਤ ਪਸੰਦ ਕੀਤਾ।

ਫਿਲਮ ਐਕਟਰ ਪ੍ਰਾਣ ਜੀ ਘਰ ਹਰ ਸ਼ਨੀਵਾਰ ਨੂੰ ਇਸਤਰੀ ਸਤਿਸੰਗ ਹੁੰਦਾ ਸੀ। ਅਗਲਾ ਸ਼ਨੀਵਾਰ ਜੋ 30 ਅਕਤੂਬਰ ਦਾ ਸੀ ਉਹਨਾ ਨੇ ਭਾਈ ਸਾਹਿਬ ਤੋਂ ਪ੍ਰੋਗਰਾਮ ਮੰਗ ਲਿਆ ਤੇ ਭਾਈ ਸਾਹਿਬ ਜੀ ਨੇ ਪ੍ਰਵਾਨਗੀ ਦੇ ਦਿੱਤੀ।

26 ਤੋਂ 28 ਤੋਂ ਲੈ ਕੇ 31 ਸਵੇਰ ਤਕ ਗੁਰਦੁਆਰਾ ਨਾਨਕ ਦਰਬਾਰ ਮੁਲੰਡ ਵਿਖੇ ਕੀਰਤਨ ਦੀ ਸੇਵਾ ਕੀਤੀ। 30 ਅਕਤੂਬਰ ਸ਼ਾਮ ਨੂੰ 4 ਤੋਂ 5 ਵਜੇ ਤਕ ਭਾਈ ਸਾਹਿਬ ਨੇ ਪ੍ਰਾਣ ਜੀ ਦੇ ਘਰ ਕੀਰਤਨ ਕੀਤਾ। ਪ੍ਰਾਣ ਜੀ ਦੇ ਘਰ ਬਹੁਤ ਸਾਰੇ ਫਿਲਮੀ ਲੋਕ ਸ਼ਾਮਿਲ ਹੋਏ। ਇਸ ਤਰ੍ਹਾਂ ਰਤਨ ਜੀ ਦੇ ਕੀਰਤਨ ਦੇ ਤਿੰਨ ਪ੍ਰੋਗਰਾਮ ਸ. ਦਾਰਾ ਸਿੰਘ ਜੀ ਦੇ ਸਹਿਯੋਗ ਨਾਲ ਫਿਲਮ ਇੰਡਸਟਰੀ ਵਿੱਚ ਹੋਏ।

ਗੁਰੂ ਨਾਨਕ ਸਾਹਿਬ ਜੀ ਦਾ ਗੁਰਪੁਰਬ ਜੋ ਕਿ 21 ਨਵੰਬਰ ਐਤਵਾਰ ਨੂੰ ਫਿਲਮ ਇਡਸਟਰੀ ਵਲੋਂ ਸਾਂਝੇ ਤੌਰ ਤੇ ਮਨਾਇਆ ਜਾਂਦਾ ਹੈ, ਉਸ ਪ੍ਰੋਗਰਾਮ ਵਾਸਤੇ ਰਤਨ ਜੀ ਦੇ ਜਥੇ ਨੂੰ ਪੱਕਾ ਕਰ ਲਿਆ ਕਿ ਤੁਸੀ ਜ਼ਰੂਰ ਦਰਸ਼ਨ ਦੇਣੇ ਹਨ ਤੇ ਰਤਨ ਜੀ ਨੇ ਪ੍ਰਵਾਨਗੀ ਦੇ ਦਿੱਤੀ।

ਰਤਨ ਜੀ ਦਾ ਜਥਾ ਹਰ ਪ੍ਰੋਗਰਾਮ ਇਸ ਤਰੀਕੇ ਨਾਲ ਨਿਭਾਉਂਦੇ ਸਨ, ਪਹਿਲੇ ਰਤਨ ਜੀ ਕੀਰਤਨ ਕਰਦੇ ਸਨ ਅਤੇ ਫਿਰ ਭਾਈ ਮੋਹਨ ਸਿੰਘ ਜੀ ਘਾਇਲ, ਜੋ ਕਿ ਸਹਾਇਕ ਰਾਗੀ ਸਨ ਉਹ ਕਥਾ ਤੇ ਵਿਆਖਿਆ ਕਰ ਕੇ ਸੰਗਤ ਨੂੰ ਆਪਣੇ ਆਉਣ ਦਾ ਮਨੋਰਥ ਦੱਸ ਕੇ, ਤਖਤ ਸ੍ਰੀ ਪਟਨਾ ਸਾਹਿਬ ਵਾਸਤੇ ਮਾਇਆ ਦੀ ਅਪੀਲ ਕਰਦੇ ਸਨ, ਤੇ ਇਸ ਤਰ੍ਹਾਂ ਆਪ ਜੀ ਦੇ ਜਥੇ ਦਾ ਪ੍ਰਭਾਵਸ਼ਾਲੀ ਪ੍ਰੋਗਰਾਮ ਹੋ ਜਾਂਦਾ ਸੀ ਅਤੇ ਤਖ਼ਤ ਸਾਹਿਬ ਦੀ ਕਮੇਟੀ ਵੱਲੋਂ ਇਕ ਕਲਰਕ ਦਿੱਤਾ ਹੋਇਆ ਸੀ ਜੋ ਮਾਇਆ ਦਾ ਸਾਰਾ ਹਿਸਾਬ ਕੀਤਾ ਨਾਲ ਰੱਖਦਾ ਸੀ। (ਚਲਦਾ)

42 ਬੀ/2, ਖਸਰਾ ਨੰ: 25/3, ਦੀਪਕ ਵਿਹਾਰ, ਚੰਦਰ ਵਿਹਾਰ ਨਿਲੋਠੀ ਐਕਸਟੈਂਸਨ,
ਨਵੀਂ ਦਿੱਲੀ 110041, ਮੋਬਾ : 09968231247

# ਸੁਰ ਲਿਪੀ– ਰਾਗ ਗਉੜੀ ਮਾਝ

ਉਸਤਾਦ ਸੁਰਜੀਤ ਸਿੰਘ

ਪੰਚਮ ਵਾਦੀ ਸ ਸੰਵਾਦੀ ਸਮਾ ਦਿਨ ਦਾ ਚੌਥਾ ਪਹਿਰ ਜਾਤੀ ਵੱਕਰ– ਸੰਪੂਰਨ
ਅਰੋਹੀ :– ਸ ਰੁ ਨ਼ ਸ ਰ ਮ ਪ, ਧੁ ਮ ਪ, ਨ ਸਂ
ਅਵਰੋਹੀ :– ਸਂ ਨੁ ਧ ਪ, ਧ ਮ ਗ ਮ, ਰ ਪ, ਗੁ ਰ ਗੁ ਸ ਰ ਨ਼ ਸ
ਮੁੱਖ ਅੰਗ :– ਸ – ਰੁ ਨ਼ ਸ –, ਰ ਮ ਪ –, ਧ ਮ ਪ –, ਧੁ
ਮ ਪ –, ਗ ਮ, ਰ ਪ, ਗੁ ਰ ਗੁ ਸ ਰ ਨ਼ ਸ – ।

ਸੁਰ:– ਰਿਖਬ ਦੋਵੇ ਗੰਧਾਰ ਦੋਵੇਂ ਧੈਵਤ ਦੋਵੇਂ ਅਤੇ ਨਿਖਾਦ ਦੋਵੇਂ ਲਗਦੇ ਹਨ। ਮੱਧਿਅਮ ਸ਼ੁੱਧ ਹੈ। ਗਉੜੀ ਮਾਝ ਮਿਸ਼ਰਤ ਰਾਗ ਹੈ। ਉੱਤਰੀ ਸੰਗੀਤ ਪੱਧਤੀ ਦੇ ਦਸ ਥਾਟਾਂ ਵਿੱਚ ਇਸਦੀ ਸਮਾਈ ਨਹੀਂ ਹੁੰਦੀ। ਗਉੜੀ ਮਾਝ ਗੁਰਮਤਿ ਸੰਗੀਤ ਪੱਧਤੀ ਦੇ ਅੰਦਰ ਹੀ ਗਾਇਨ ਕੀਤਾ ਜਾਦਾ ਹੈ। ਗਉੜੀ ਮਾਝ ਅਤਿ ਅ੍ਰਪਚਲਤ ਰਾਗਾਂ ਦੇ ਵਰਗ ਵਿੱਚ ਆਉਂਦਾ ਹੈ। ਇਸ ਰਾਗ ਦੀ ਪਰਕ੍ਰਿਆ (ਚੱਲਨ) ਬਹੁਤ ਹੀ ਜਟਲ ਹੈ। ਗਉੜੀ ਮਾਝ ਛਾਇਆ ਲਗ ਰਾਗਾਂ ਦੇ ਵਰਗ ਵਿੱਚ ਆਉਂਦਾ ਹੈ। ਮਾਝ ਰਾਗ ਦੇ ਜਿੰਨੇ ਵੀ ਪ੍ਰਕਾਰ ਹਨ ਉਨ੍ਹਾਂ ਨੂੰ ਗਉੜੀ ਨਾਲ ਮੇਲ ਦੇਈਏ ਤਾਂ ਗਉੜੀ ਮਾਝ ਦੇ ਉਨੇ ਹੀ ਪ੍ਰਕਾਰ ਬਣ ਸਕਦੇ ਹਨ। ਗਉੜੀ ਮਾਝ ਦਾ ਇਕ ਹੋਰ ਪਰਕਾਰ ਵੀ ਹੈ ਜਿਸ ਵਿੱਚ ਦੋਵੇ ਰਿਖ਼ਬ ਦੋਵੇ ਗੰਧਾਰ ਦੋਵੇਂ ਮੱਧਿਅਮ ਦੋਵੇਂ ਧੈਵਤ ਅਤੇ ਦੋਵੇਂ ਨਿਖਾਦ ਲਗਦੇ ਹਨ।

ਸਥਾਈ :– ਝੱਪ ਤਾਲ

| x | | 2 | | | 0 | | 3 | | |
|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 |
| ਸ | ਨ਼ | ਰੁ | ਗ | ਰੁ | ਮ | ਪ | ਨ | ਧੁ | ਪ |
| ਤੂੰ | ਮੇ | ਰਾ | ਬ | ਹੁ | ਮਾ | ਣੁ | ਕਰ | ਤੇ | s |
| ਰ | ਪ | ਧ | ਮ | ਗ | ਮ | ਰੁ | ਸ | ਨ਼ | ਸ |
| ਤੂੰ | ਮੇ | ਰਾ | ਬ | ਹੁ | ਮਾ | s | ਣੁ | s | s |
| ਮ | ਪ | ਨ | ਧੁ | ਪ | ਧੁ | ਮ | ਪ | ਪ | – |
| ਜੋ | ਰਿਤੁ | ਮਾ | ਰੈ | s | ਸੁ | ਖਿ | ਵ | ਸਾ | s |
| ਰ | ਪ | ਗੁ | ਰ | ਗੁ | ਸ | ਰ | ਨ਼ | ਸ | – |
| ਸ | ਚੁ | ਸ | ਬ | ਦੁ | ਨੀ | s | ਸਾ | s | ਣੁ |
| ਅੰਤਰਾ | | | | | | | | | |
| ਮ | – | ਪ | – | ਪ | ਨ | – | ਸਂ | – | ਸਂ |
| ਸ | ਭੇ | ਗ | ਲਾ | s | ਜਾ | ਤੀ | ਆ | s | s |
| ਨ | ਰੁਂ | ਸਂ | ਗਂ | ਰੁਂ | ਨ | ਰੁਂ | ਸਂ | – | ਸਂ |
| ਸੁ | ਣਿ | ਕੈ | s | ਚੁ | ਪ | ਕੀ | ਆ | s | s |
| ਪ | ਨ | ਧੁ | ਪ | – | ਧੁ | ਮ | ਪ | – | ਪ |
| ਕਦ | ਹੀ | ਸੁਰ | ਤਿ | ਨ | ਲ | ਧੀ | ਆ | s | s |
| ਰ | ਪ | ਧ | ਮ | ਗ | ਮ | ਰ | ਸ | ਨ਼ | ਸ |
| ਮਾ | s | ਇਆ | s | s | ਮੋ | ਹੜਿ | ਆ | s | s |

(“ਗਉੜੀ ਦੇ ਪਰਕਾਰ” ਪੁਸਤਕ ਵਿਚੋਂ ਧੰਨਵਾਦ ਸਹਿਤ)

## ਸ਼ਬਦ ਅਰਥ

ਰਾਗੁ ਗਉੜੀ ਮਾਝ ਮਹਲਾ ੫

ੴ ਸਤਿਗੁਰ ਪ੍ਰਸਾਦਿ ॥

ਤੂੰ ਮੇਰਾ ਬਹੁ ਮਾਣੁ ਕਰਤੇ ਤੂੰ ਮੇਰਾ ਬਹੁ ਮਾਣੁ ॥

I am so proud of You, O Creator; I am so proud of You.

ਜੋਰਿ ਤੁਮਾਰੈ ਸੁਖਿ ਵਸਾ ਸਚੁ ਸਬਦੁ ਨਿਸਾਣੁ ॥੧॥ ਰਹਾਉ ॥

Through Your Almighty Power, I dwell in peace. The True Word of the Shabad is my banner and insignia. ||1||Pause||

ਸਭੇ ਗਲਾ ਜਾਤੀਆ ਸੁਣਿ ਕੈ ਚੁਪ ਕੀਆ ॥

He hears and knows everything, but he keeps silent.

ਕਦ ਹੀ ਸੁਰਤਿ ਨ ਲਧੀਆ ਮਾਇਆ ਮੋਹੜਿਆ ॥੧॥

Bewitched by Maya, he never regains awareness. ||1||

ਦੇਇ ਬੁਝਾਰਤ ਸਾਰਤਾ ਸੇ ਅਖੀ ਡਿਠੜਿਆ ॥

The riddles and hints are given, and he sees them with his eyes.

ਕੋਈ ਜਿ ਮੂਰਖੁ ਲੋਭੀਆ ਮੂਲਿ ਨ ਸੁਣੀ ਕਹਿਆ ॥੨॥

But he is foolish and greedy, and he never listens to what he is told. ||2||

ਇਕਸੁ ਦੁਹੁ ਚਹੁ ਕਿਆ ਗਣੀ ਸਭ ਇਕਤੁ ਸਾਦਿ ਮੁਠੀ ॥

Why bother to count one, two, three, four? The whole world is defrauded by the same enticements.

ਇਕੁ ਅਧੁ ਨਾਇ ਰਸੀਅੜਾ ਕਾ ਵਿਰਲੀ ਜਾਇ ਵੁਠੀ ॥੩॥

Hardly anyone loves the Lord's Name; how rare is that place which is in bloom. ||3||

ਭਗਤ ਸਚੇ ਦਰਿ ਸੋਹਦੇ ਅਨਦ ਕਰਹਿ ਦਿਨ ਰਾਤਿ ॥

The devotees look beautiful in the True Court; night and day, they are happy.

ਰੰਗਿ ਰਤੇ ਪਰਮੇਸਰੈ ਜਨ ਨਾਨਕ ਤਿਨ ਬਲਿ ਜਾਤ ॥੪॥੧॥੧੬੯॥

They are imbued with the Love of the Transcendent Lord; servant Nanak is a sacrifice to them. ||4||1||169||

# RARE MANUSCRIPT OF GURU GRANTH SAHIB PRESENTED TO VICE CHANCELLOR OF PUNJABI UNIVERSITY

The Department of Gurmat Sangeet, Punjabi Universi-ty, achieved a milestone with the presentation of a rare manuscript in the shape of "Braille transliter-ation" of the Guru Granth Sahib and the years of Bhai Gurdas to Vice-Chancellor Jaspal Singh in the Gurmat Sangeet Bhawan of the uni-versity here on Monday. The work has been carried out by Sikh Rattan Bhai Gurmej Singh, Hazuri Ragi at Sri Harmindar Sahib, Amritsar. While speaking on the occasion, the Vice-Chancel-lor described the work as the "rarest of rare" that could happen only with the divine grace. As it would facilitate blinds to read the Guru Granth Sahib, it would help popularise the Sikh tradition in a big way. He congratulated the Hon of the Gurmat Sangeet Department, Dr Gurnam Singh, for his consistent efforts aimed at promoting and furthering the cause of the Sikh divine music through various means. In his welcome address, Dr. Gurnam Singh described the work as a "big leap forward" on the land-scape of the Sikh tradition and culture. It happens to be not only that of a great historical significance but also exclusive and first-of-its-kind in the realms of the Sikh history. With this, the department had once again come to occupy the centre stage in furthering the cause of the Gurmat tradi-tion. The department, he said, would further strengthen its efforts to popularise the Sikh tradition in all possible manners. The Vice-Chancellor released a documentary made by Gurpreet Singh Cheema, a student of the Centre for Advanced Media Studies (CAMS). Tejinder Sharma, a producer in the media centre, has worked on the script and the voice-over for the film while the music is given by Jaswinder Singh and Kuldeep Pawar. Dr Roop Singh, secretary of the SGPC; Dr Balker Singh, director of the newly established Gurcharan Singh Tohm Institute of Sikh Studies; philan-thropist SPS Oberai; Prof Kulwant Grewal; and Surjit Singh Garhi were also pres-ent on the occasion. The Vice-Chancellor also released a special documen-tary on Gurdwara Dukhni-waran Sahib made by Gur-preet Singh Cheema. lauding the efforts, the Vice-Chancellor said the documentary would prove to be of immense help in promoting the Sikh religion. Dean Academic Gurnam Singh said the use of visual media to promote the religion was the need of the hour. Speaking on the occasion, Cheema said it was his small contribution to the Sikh religion and he had plans to come up with more such doc¬umentaries in the future.

(courtesythe Tribune)

Postal Regd. No. CH/0045/2015-2017 RNI Regd.No. 46788/89 ISSN 0972-2335

ਸਿਰੀਰਾਗੁ ਮਹਲਾ ੧॥

ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ॥

Make your deals, dealers, and take care of your merchandise.

ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ ॥

Buy that object which will go along with you.

ਅਗੈ ਸਾਹੁ ਸੁਜਾਣੁ ਹੈ ਲੈਸੀ ਵਸਤੁ ਸਮਾਲਿ ॥੧॥

In the next world, the All-knowing Merchant will take this object and care for it. ||1||

ਭਾਈ ਰੇ ਰਾਮੁ ਕਹਹੁ ਚਿਤੁ ਲਾਇ॥

O Siblings of Destiny, chant the Lord's Name, and focus your consciousness on Him.

ਹਰਿ ਜਸੁ ਵਖਰੁ ਲੈ ਚਲਹੁ ਸਹੁ ਦੇਖੈ ਪਤੀਆਇ ॥੧॥ ਰਹਾਉ ॥

Take the Merchandise of the Lord's Praises with you. Your Husband Lord shall see this and approve. ||1||Pause||

ਜਿਨਾ ਰਾਸਿ ਨ ਸਚੁ ਹੈ ਕਿਉ ਤਿਨਾ ਸੁਖੁ ਹੋਇ ॥

Those who do not have the Assets of Truth-how can they find peace?

ਖੋਟੈ ਵਣਜਿ ਵਣੰਜਿਆ ਮਨੁ ਤਨੁ ਖੋਟਾ ਹੋਇ॥

By dealing their deals of falsehood, their minds and bodies become false.

ਫਾਹੀ ਫਾਥੇ ਮਿਰਗ ਜਿਉ ਦੂਖੁ ਘਣੋ ਨਿਤ ਰੋਇ ॥੨॥

Like the deer caught in the trap, they suffer in terrible agony; they continually cry out in pain. ||2||

ਖੋਟੇ ਪੋਤੈ ਨਾ ਪਵਹਿ ਤਿਨ ਗੁਰ ਦਰਸੁ ਨ ਹੋਇ॥

The counterfeit coins are not put into the Treasury; they do not obtain the Blessed Vision of the Lord-Guru.

ਖੋਟੇ ਜਾਤਿ ਨ ਪਤਿ ਹੈ ਖੋਟਿ ਨਾ ਸੀਝਸਿ ਕੋਇ॥

The false ones have no social status or honor. No one succeeds through falsehood.

ਖੋਟੇ ਖੋਟੁ ਕਮਾਵਣਾ ਆਇ ਗਇਆ ਪਤਿ ਖੋਇ॥੩॥

Practicing falsehood again and again, people come and go in reincarnation, and forfeit their honor. ||3||

ਨਾਨਕ ਮਨੁ ਸਮਝਾਈਐ ਗੁਰ ਕੈ ਸਬਦਿ ਸਾਲਾਹ॥

O Nanak, instruct your mind through the Word of the Guru's Shabad, and praise the Lord.

ਰਾਮ ਨਾਮ ਰੰਗਿ ਰਤਿਆ ਭਾਰੁ ਨ ਭਰਮੁ ਤਿਨਾਹ॥

Those who are imbued with the love of the Name of the Lord are not loaded down by doubt.

ਹਰਿ ਜਪਿ ਲਾਹਾ ਅਗਲਾ ਨਿਰਭਉ ਹਰਿ ਮਨ ਮਾਹ ॥੪॥੨੩॥

Those who chant the Name of the Lord earn great profits; the Fearless Lord abides within their minds. ||4||23||